SATJUG
1920 ਤੋਂ ਸਾਲ 100 ਵਾਂ
੧ ਤੋਂ ੧੫ ਮਾਘ ੨੦੭੭ ਬਿ.
14 To 28 Jan. 2021

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਜੁਗਿ ਸਚੁ ਕਹੈ ਸਭੁ ਕੋਈ ॥

# ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰ ੧੯੭੭ ਬਿ. (1920 ਈ:) ਤੋਂ ਸਥਾਪਿਤ

Price: Rs.5/-
ਜਿਲਦ 28, ਨੰਬਰ 24
Total Pages 44






17 ਜਨਵਰੀ 1872 ਈ:
ਪ੍ਰਦੇਸ ਗਵਨ: ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸ੍ਰੀ ਭੈਣੀ ਸਾਹਿਬ ਤੋਂ ਗੱਡੇ ਤੇ ਰਵਾਨਗੀ
ਸ਼ਹੀਦੀ ਸਾਕਾ: ਮਲੇਰਕੋਟਲਾ: ਨਾਮਧਾਰੀ ਸਿੰਘਾਂ ਨੂੰ ਤੋਪਾਂ ਨਾਲ ਉਡਾਏ ਜਾਣ ਦਾ ਦ੍ਰਿਸ਼

## ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਸਾਕਾ ਚਮਕੌਰ ਸਾਹਿਬ ਦੇ ਸ਼ਹੀਦ ਸਿੰਘਾਂ ਅਤੇ ਵੱਡੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਅਤੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਯਾਦ ਵਿੱਚ ਸ਼ਹੀਦੀ ਮੇਲਾ

ਸ੍ਰੀ ਭੈਣੀ ਸਾਹਿਬ 26-27 ਦਿਸੰਬਰ 2020






# ਸਤਿਜੁਗ


੧ ਤੋਂ ੧੫ ਮਾਘ ੨੦੭੭ ਬਿ.

14 ਤੋਂ 28ਜਨਵਰੀ 2021 ਈ:

ਜਿਲਦ 28, ਵੀਰਵਾਰ ਨੰਬਰ 24

**ਸਤਿਜੁਗ**:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015



**Advisory Board:**

*Harvendra Singh Hanspal*
*Gurbhej Singh Guraya*

**Editorial Board:**

*Suwarn Singh 'Virk'*
***Sukhwinder Singh 'Lyall'***
***Harpal Singh Sewak***
*Sant Nishan Singh*
*Jaswant Singh 'Mast'*
*Bhajan Singh*
*Gurlal Singh*



Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

ਇਕ ਸਾਲ : ਦੇਸ - 300 ਰੁ:, ਪ੍ਰਦੇਸ- 70$ USD ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 280$ USD ਡਾਲਰ

***Designed and Typeset:***
***Hakam Singh***
***Vishav Namdhari Sangat***
***Sri Bhaini Sahib***
***Satjug@sribhainisahib.com***

<u>**ਪੱਤਰ ਵਿਹਾਰ ਦਾ ਪਤਾ :**</u>
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 99147-02201
98155-75099


# ਤਤਕਰਾ


* ਸੰਪਾਦਕੀ- ਗਿਰਤੇ ਹੈਂ ਸ਼ਾਹ ਸਵਾਰ ਹੀ ਮੈਦਾਨੇ ਜੰਗ ਮੇਂ.... ਹਰਪਾਲ ਸਿੰਘ ਸੇਵਕ..............................4
* ਅੰਮ੍ਰਿਤ-ਬਚਨ (ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ).............7
* ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ.........................7
* ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਸਤਿਗੁਰੂ ਬਿਲਾਸ ਵਿੱਚੋਂ............................8
* ਤੋਪਾਂ ਵੀ ਨਾਮਧਾਰੀਆਂ ਨੂੰ ਝੁਕਾ ਨਾ ਸਕੀਆਂ.... ਡਾ. ਲਖਵੀਰ ਸਿੰਘ (ਰਾਮਪੁਰਾ ਫੂਲ)............11
* ਦਿੱਲੀ ਵੱਲ ਇਤਿਹਾਸਕ ਕੂਚ 237 ਪਿੱਛੋਂ ਗੁਰਦੇਵ ਸਿੰਘ ਸਿੱਧੂ..............................13
* ਇਹ ਕੈਸਾ ਇਤਿਹਾਸ ਹੈ..........(ਕਵਿਤਾ) ਮੋਹਨ ਸਿੰਘ ਗਿੱਲ...............................15
* ਕਿਸਾਨ, ਸਰਕਾਰ ਸਮੱਸਿਆਵਾਂ ਅਤੇ ਸਮਾਧਾਨ ਹਰਪਾਲ ਸਿੰਘ ਸੇਵਕ............................16
* ਭਈ ਪਰਾਪਤਿ ਮਾਨੁਖ ਦੇਹੁਰੀਆ ਹਰਪਾਲ ਸਿੰਘ ਸੇਵਕ............................20
* ਮਲੇਰਕੋਟਲੇ ਵਾਲਾ ਸਾਕਾ (ਕੂਕਿਆਂ ਦੀ ਵਾਰ) ਹਰਸਾ ਸਿੰਘ ਚਾਤਰ.............................22
* ਧੰਨੁ ਧੰਨੁ ਸੋ ਗੁਰਸਿਖੁ ਕਹੀਐ...... ਹਰਪਾਲ ਸਿੰਘ ਸੇਵਕ............................28
* ਕਾਵਿ ਕਿਆਰੀ (ਛਿਹਾਹਠ ਮੋਮਬੱਤੀਆਂ)....................31
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ) ਸਵ. ਕਵੀ ਪ੍ਰੀਤਮ ਸਿੰਘ ਜੀ...............32
* 10 Fantastic Words...............................................35
* A Saga of Sri Satguru Jagjit Singh ji Dr. Sharada Jayagovind .............36
* ਖ਼ਬਰਨਾਮਾ................................................39


**ਨੋਟ: ਲੇਖਕਾਂ ਦੇ ਵਿਚਾਰ ਨਿੱਜੀ ਹੋ ਸਕਦੇ ਹਨ, ਉਹਨਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।**

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਿਜੁਗ
ਸਤਜੁਗਿ ਸਚੁ ਕਹੈ ਸਭੁ ਕੋਈ॥
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

# ਗਿਰਤੇ ਹੈਂ ਸ਼ਾਹ ਸਵਾਰ ਹੀ ਮੈਦਾਨੇ ਜੰਗ ਮੇਂ ....

ਦੋ ਕਿਸਮ ਦੇ ਹੀ ਮਨੁੱਖ ਹੁੰਦੇ ਹਨ- ਇੱਕ ਹੁੰਦੇ ਹਨ ਵਹਿਣ ਨਾਲ ਵਹਿ ਜਾਣ ਵਾਲੇ, ਹਵਾ ਦੇ ਰੌਂਅ ਨਾਲ ਚੱਲਣ ਵਾਲੇ, ਚੜ੍ਹਦੇ ਸੂਰਜ ਨੂੰ ਸਲਾਮਾਂ ਕਰਨ ਵਾਲੇ, 'ਜਿਸਕਾ ਰਾਜ ਉਸੀ ਕੇ ਪੂਤ' ਅਤੇ ਦੂਸਰੀ ਕਿਸਮ ਦੇ ਹੁੰਦੇ ਹਨ- ਖੁਦਦਾਰ ਮਨੁੱਖ ਭਾਵੇਂ ਵਹਾ ਦੇ ਹੜ੍ਹ ਆਏ ਹੋਣ, ਉਹ ਤੂਫ਼ਾਨਾਂ ਦੇ ਵਿਰੁੱਧ ਹਿੱਕ ਤਾਣ ਕੇ ਆਖਦੇ ਹਨ- ਅਸੀਂ ਤਾਂ ਐਉਂ ਨਹੀਂ, ਐਉਂ ਜਾਵਾਂਗੇ। ਉਹ ਲੋਕ ਹੀ ਮਾਰਾਂ ਖਾਂਦੇ ਹਨ, ਪਰ ਸਮੇਂ ਨੂੰ ਬਦਲਦੇ ਵੀ ਉਹੀ ਲੋਕ ਹਨ, ਅਜੇਹੇ ਲੋਕ ਜੇ ਤਖ਼ਤ ਤੇ ਬੈਠਣ ਦੀ ਜਗ੍ਹਾ ਤਖ਼ਤੇ ਤੇ ਹੀ ਚੜ੍ਹਨ, ਰਾਜ ਨਾ ਵੀ ਕਰ ਸੱਕਣ, ਅਜਿਹੇ ਸੂਰਬੀਰ ਸਦੀਆਂ ਤੱਕ ਦਿਲਾਂ ਤੇ ਰਾਜ ਕਰਦੇ ਹਨ ਅਤੇ 'ਲੋਕ ਨਾਇਕਾਂ' ਵਜੋਂ ਪੂਜੇ ਜਾਂਦੇ ਹਨ।

ਸਮਾਜ ਵਿੱਚ ਹਮੇਸ਼ਾਂ ਉਪਰੋਕਤ ਦੋਹਾਂ ਕਿਸਮਾਂ ਦੇ ਮਨੁੱਖ ਹੁੰਦੇ ਹਨ ਪਰ ਸਾਡੇ ਭਾਰਤੀ ਸਮਾਜ ਵਿੱਚ ਬਹੁ-ਗਿਣਤੀ 'ਜਿਸਕਾ ਰਾਜ ਉਸੀ ਕੇ ਪੂਤ' ਲੋਕਾਂ ਦੀ ਹੀ ਹੈ, ਇਸੇ ਕਾਰਨ ਅਸੀਂ ਸਦੀਆਂ ਤੱਕ ਗੁਲਾਮ ਰਹੇ। ਮੁਗਲ ਬਾਦਸ਼ਾਹਾਂ ਨੂੰ ਧੀਆਂ ਭੈਣਾਂ ਦੇ ਡੋਲੇ ਦੇਣ ਵਾਲੇ ਰਾਜਪੂਤ ਅਤੇ ਜਨਰਲ ਅਡਵਾਇਰ ਵਰਗਿਆਂ ਨੂੰ ਸਿਰੋਪਾਓ ਦੇਣ ਵਾਲੇ ਅਤੇ ਗ਼ੁਲਾਮੀ ਨੂੰ ਸ਼ਿੰਗਾਰ ਵਜੋਂ ਅਪਨਾਉਣ ਵਾਲੇ ਹਮੇਸ਼ਾਂ ਸ਼ਾਹੀ ਸੁੱਖ ਭੋਗਦੇ ਰਹੇ। ਮਹਾਰਾਣਾ ਪ੍ਰਤਾਪ, ਬੰਦਾ ਬਹਾਦਰ, ਕੂਕੇ ਸੂਰਮੇਂ, ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ ਅਤੇ ਚੰਦਰ ਸ਼ੇਖਰ ਅਜ਼ਾਦ ਵਰਗੇ ਸਮੇਂ ਦੀਆਂ ਜ਼ਾਲਮ ਹਕੂਮਤਾਂ ਨਾਲ ਟੱਕਰ ਲੈਣ ਵਾਲੇ ਸੂਰਮੇ ਬੇਸ਼ੱਕ ਕੁਰਬਾਨ ਹੋ ਗਏ ਪਰ ਪੂਜੇ ਸ਼ਹੀਦ ਹੀ ਜਾਂਦੇ ਹਨ, ਜ਼ਾਲਮ ਬਾਦਸ਼ਾਹ ਨਹੀਂ ਪੂਜੇ ਜਾਂਦੇ। ਕਿਸੇ ਸ਼ਾਇਰ ਦੀਆਂ ਕੇਡੀਆਂ ਢੁੱਕਵੀਆਂ ਸਤਰਾਂ ਹਨ:

ਗਿਰਤੇ ਹੈਂ ਸ਼ਾਹ ਸਵਾਰ ਹੀ ਮੈਦਾਨੇ ਜੰਗ ਮੇਂ,
ਵੋ ਕਿਆ ਖਾਕ ਗਿਰੇਂ, ਜੋ ਘੁਟਨੋਂ ਕੇ ਬਲ ਚਲੇਂ॥

ਰੀਂਗਨ ਵਾਲਿਆਂ ਨੇ ਕੀ ਡਿੱਗਣਾ ਹੋਇਆ, ਜਿਵੇਂ ਕਹਾਵਤ ਹੈ- 'ਤਾਰੂ ਹੀ ਡੁੱਬਦੇ ਹਨ।' ਪਰ ਉਹ ਵੀ ਤਾਰੂ ਹੀ ਹੁੰਦੇ ਹਨ ਜੋ ਚੜ੍ਹਦੇ ਪਾਣੀਆਂ ਨਾਲ ਜ਼ੋਰ ਅਜ਼ਮਾਈ ਕਰਦੇ ਅਤੇ ਦਰਿਆਵਾਂ ਨੂੰ ਪਾਰ ਕਰਦੇ ਹਨ। ਕੰਢੇ ਤੇ ਬਹਿ ਕੇ ਨਹਾਉਣ ਵਾਲਿਆਂ, ਨਾ ਡੁੱਬਣਾ ਅਤੇ ਨਾ ਪਾਰ ਹੀ ਹੋਣਾ ਹੁੰਦਾ ਹੈ। ਅਜੇਹੇ ਕਾਇਰ ਅਤੇ ਨਿਕੰਮੇ ਬਾਦਸ਼ਾਹ ਦੀ ਇਕ ਬੜੀ ਰੌਚਕ ਕਥਾ ਹੈ। ਬਨਾਰਸ ਦਾ ਇੱਕ ਰਾਜਾ ਸੀ, ਐਸ਼-ਪ੍ਰਸਤ ਅਤੇ ਕਾਇਰ। ਅੰਗਰੇਜ਼ਾਂ ਦੀ ਫ਼ੌਜ ਨੇ ਸ਼ਹਿਰ ਨੂੰ ਘੇਰਾ ਪਾ ਲਿਆ। ਬਾਦਸ਼ਾਹ ਸ਼ਰਾਬ ਨਾਲ ਰੱਜਿਆ ਨਾਚ-ਗਾਣੇ ਦਾ ਆਨੰਦ ਮਾਣ ਰਿਹਾ ਸੀ। ਵਜ਼ੀਰਾਂ ਨੇ ਆ ਕੇ ਬਾਦਸ਼ਾਹ ਨੂੰ ਸੁਚੇਤ ਕਰਨਾ ਚਾਹਿਆ ਪਰ ਮਦ-ਮਸਤ ਬਾਦਸ਼ਾਹ ਬਿਲਕੁਲ ਬੇਪਰਵਾਹ ਸੀ। ਫੌਜ ਸ਼ਹਿਰ ਵਿੱਚ ਆ ਵੜੀ, ਅਖੀਰ ਮਹੱਲ ਅੰਦਰ ਆ ਗਈ, ਸਿਪਾਹੀ ਭੱਜ ਗਏ, ਅਖੀਰ ਸਾਥੀ ਵਜ਼ੀਰ ਅਤੇ ਨਾਚ ਗਾਣ ਵਾਲੇ ਵੀ ਭੱਜ ਗਏ। ਬਾਦਸ਼ਾਹ ਨੂੰ ਕੈਦ ਕਰਕੇ ਕਮਾਂਡਰ ਦੇ ਸਾਹਮਣੇ ਪੇਸ਼ ਕੀਤਾ ਗਿਆ। ਕਮਾਂਡਰ ਨੇ ਹੈਰਾਨੀ ਨਾਲ ਪੁੱਛਿਆ ਕਿ ਤੇਰੇ ਨਾਲ ਦੇ ਸਾਰੇ ਸਾਥੀ ਭੱਜ ਗਏ, ਅਸੀਂ ਤੈਨੂੰ ਵੀ ਭੱਜਣ ਦਾ ਪੂਰਾ ਮੌਕਾ ਦਿੱਤਾ ਪਰ ਤੂੰ ਭੱਜਿਆ ਕਿਉਂ ਨਹੀਂ? ਉਸ ਬਾਦਸ਼ਾਹ ਦਾ ਜਵਾਬ ਸੀ: "ਮੈਂ ਭਾਗਤਾ ਕੈਸੇ, ਮੁਝੇ ਮੌਜੇ ਪਹਿਨਾਏਂ ਵਾਲੇ ਤੋ

ਪਹਿਲੇ ਭਾਗ ਗਏ ਥੇ, ਨੰਗੇ ਪਾਂਵੋਂ ਕੈਸੇ ਭਾਗਤਾ।" ਉਸ ਦਾ ਜੁਆਬ ਸੁਣ ਕੇ ਅੰਗਰੇਜ਼ ਹਾਕਮ ਨੇ ਉਸੇ ਨੂੰ ਮੁੜ ਬਨਾਰਸ ਦਾ ਰਾਜਾ ਥਾਪ ਕੇ ਕਿਹਾ- 'ਬਾਦਸ਼ਾਹ ਆਪ ਹੀ ਰਹੋ, ਪਰ ਹਮਾਰੀ ਤਰਫ਼ ਸੇ ਹਮਾਰੇ ਗੁਲਾਮ ਬਨ ਕਰ।'

ਪਰ ਸੂਰਮੇ ਲੋਕ ਉਹ ਹੁੰਦੇ ਹਨ ਜੋ ਜ਼ਾਲਮ ਦੀ ਰਹਿਮਤ ਵੀ ਨਹੀਂ ਕਬੂਲਦੇ। ਬਾਬਾ ਬੰਦਾ ਬਹਾਦਰ ਨਾਲ ਕੈਦ ਕੀਤੇ ਕਰੀਬ 700 ਸਿੰਘਾਂ ਵਿੱਚੋਂ ਇੱਕ ਨੇ ਵੀ ਈਨ ਕਬੂਲਕੇ ਜਾਨ ਬਖ਼ਸ਼ੀ ਕਰਵਾਉਣੀ ਤਾਂ ਕੀ, ਜੇ ਕਿਸੇ ਨੂੰ ਹਾਕਮਾਂ ਨੇ ਛੱਡਣਾ ਵੀ ਚਾਹਿਆ ਤਾਂ ਵੀ ਉਸ ਜਵਾਨ ਨੇ ਆਪਣੇ ਸਾਥੀਆਂ ਨਾਲ ਸ਼ਹੀਦ ਹੋਣਾ ਹੀ ਪ੍ਰਵਾਨ ਕੀਤਾ। ਜਾਨ-ਬਖ਼ਸ਼ੀ ਨਹੀਂ ਕਬੂਲੀ। ਸ਼ਹੀਦ ਹੋਣ ਤੋਂ ਪਹਿਲੋਂ ਉਹ ਸੂਰਮੇ ਖੁਸ਼ੀ ਵਿੱਚ ਗੁਰਬਾਣੀ ਦੇ ਸ਼ਬਦ ਪੜ੍ਹ ਰਹੇ ਸਨ ਅਤੇ ਆਖਦੇ ਸਨ ਕਿ ਸਾਡੇ ਧੰਨ ਭਾਗ ਹਨ ਅਸੀਂ ਉੱਥੇ ਸ਼ਹੀਦ ਹੋਵਾਂਗੇ ਜਿੱਥੇ ਸਾਡੇ ਨੌਵੇਂ ਪਾਤਸ਼ਾਹ ਸ਼ਹੀਦ ਹੋਏ ਸਨ। ਬੰਦਾ ਬਹਾਦਰ ਤੇ ਉਸਦੇ ਸਾਥੀਆਂ ਦੀ ਸ਼ਹੀਦੀ ਦਾ ਪ੍ਰਸੰਗ ਲਿਖਦਿਆਂ ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿੱਚ ਲਿਖਦੇ ਹਨ-

ਉਨ ਸਿੰਘਨ ਕਾ ਹਾਲ ਤੋ ਲਿਖਿਓ ਕਿਤਾਬਨ ਮਾਹਿ॥
ਹਮ ਨਿਜ ਨੈਨਣ ਜੋ ਪਿਖਿਯੋ ਸੋ ਅਬ ਸਾਚ ਸੁਨਾਹਿ॥
.....ਉਨ ਹਿਤ ਹੁਕਮ ਅੰਗਰੇਜ਼ੀ ਆਯੋ,
ਇਨ ਕੋ ਤੋਪਣ ਸੰਗ ਉਡਾਯੋ।
ਜਬ ਇਹ ਹੁਕਮ ਉਨੈ ਸੁਨ ਪਾਯੋ।
ਖੁਸ਼ੀ ਭਏ ਅਤਿ ਹੀਯੈ ਹੁਲਸਾਯੋ।
ਦੀਵੇ ਪਰ ਜਯੋ ਆਇ ਪਤੰਗੇ।
ਤਿਉ ਤੋਪਨ ਦਿਸ ਜਾਇ ਨਿਸੰਗੇ।
.....ਇਹ ਸਿੰਘਨ ਕੀ ਰੀਤੀ ਵਰ ਹੈਂ।
ਸਸਤ੍ਰਨ ਕੀ ਮ੍ਰਿਤ ਤੇ ਨਹਿ ਡਰਿ ਹੈਂ।

ਗਿਆਨੀ ਜੀ 'ਸ਼ਹੀਦੀ ਸਾਕਾ ਮਾਲੇਰਕੋਟਲਾ' ਦਾ ਅੱਖੀਂ ਡਿੱਠਾ ਵਰਨਣ ਕਰਦਿਆਂ ਲਿਖਦੇ ਹਨ ਕਿ ਜਿਵੇਂ ਬੰਦੇ ਬਹਾਦਰ ਤੇ ਉਸਦੇ ਸਾਥੀਆਂ ਦੀਆਂ ਬੇ-ਮਿਸਾਲ ਸ਼ਹਾਦਤਾਂ ਬਾਰੇ ਤਾਂ ਕਿਤਾਬਾਂ ਵਿੱਚ ਹੀ ਪੜ੍ਹਿਆ ਹੈ ਪਰ ਜੋ ਮੈਂ ਨਾਮਧਾਰੀ ਸਿੰਘਾਂ ਦੀਆਂ ਸ਼ਹੀਦੀਆਂ ਮੈਂ ਅੱਖੀਂ ਵੇਖੀਆਂ ਹਨ, ਇਨ੍ਹਾਂ ਨੇ ਸਿੱਖਾਂ ਦੇ ਸੂਰਬੀਰਤਾ ਦੇ ਇਤਿਹਾਸ ਨੂੰ ਦੁਹਰਾਇਆ ਹੈ। ਇਨ੍ਹਾਂ ਸੂਰਮਿਆਂ ਨੇ ਵੀ ਜ਼ਾਲਮ ਹਾਕਮ ਦੀ ਰਹਿਮਤ ਨੂੰ ਨਾ ਕਬੂਲਿਆ। ਜੇ ਵਰਿਆਮ ਸਿੰਘ ਮਰ੍ਹਾਜ ਦੇ ਨੂੰ ਪਟਿਆਲਾ ਸ਼ਾਹੀ ਦੀ ਸਿਫ਼ਾਰਿਸ਼ ਕਰਕੇ ਜਦੋਂ ਮਧਰੇ ਕੱਦ ਦਾ ਬਹਾਨਾ ਲਾ ਕੇ, ਤੋਪ ਦੇ ਮੇਚ ਨਾ ਆਉਣਾ ਆਖ ਕੇ ਛੱਡਣਾ ਚਾਹਿਆ ਤਾਂ ਉਸ ਸੂਰਮੇਂ ਨੇ ਢੇਮਾਂ ਕੱਠੀਆਂ ਕਰਕੇ, ਉੱਪਰ ਖੜ੍ਹੇ ਹੋ ਕੇ ਵੰਗਾਰ ਕੇ ਕਿਹਾ- 'ਬਿੱਲਿਆ ਚਲਾ ਤੋਪ, ਹੁਣ ਤਾਂ ਮੈਂ ਤੋਪ ਦਾ ਹਾਣੀ ਬਣ ਗਿਆ ਹਾਂ। ਮੇਰਾ ਸਾਥ ਦੂਰ ਜਾਂਦਾ ਹੈ। ਮੈਂ ਸਾਥੀਆਂ ਨਾਲ ਸ਼ਹੀਦ ਹੋਵਾਂਗਾ। ਇਹ ਸ਼ਾਹ-ਸਵਾਰ ਹੀ ਹੁੰਦੇ ਹਨ ਕਿ ਸਿਰਫ ਬਾਰਾਂ ਸਾਲ ਦੇ ਬਾਲਕ ਬਿਸ਼ਨ ਸਿੰਘ ਨੂੰ ਜਦੋਂ ਆਪਣੀ ਮੇਮ ਦੀ ਸਿਫ਼ਾਰਿਸ਼ ਤੇ ਐਲ. ਕਾਵਨ ਨੇ ਕਿਹਾ ਕਿ ਜੇ ਤੂੰ ਆਖ ਦੇਵੇਂ ਕਿ ਮੈਂ ਗੁਰੂ ਰਾਮ ਸਿੰਘ ਦਾ ਸਿੱਖ ਨਹੀਂ, ਤਾਂ ਤੇਰੀ ਜਾਨ ਬਖ਼ਸ਼ੀ ਹੋ ਸਕਦੀ ਹੈ। ਇਹ ਸੁਣ ਕੇ ਉਸ ਸੂਰਬੀਰ ਮਾਂ ਦੇ ਪੁੱਤ, ਅਣਖੀ ਸ਼ੇਰ ਬਾਲਕ ਬਿਸ਼ਨ ਸਿੰਘ ਕਾਵਨ ਦੀ ਦਾੜ੍ਹੀ ਨੂੰ ਜਾ ਝਪਟਿਆ। ਹੱਥ ਕੱਟੇ ਗਏ, ਸੀਸ ਧੜ੍ਹ ਤੋਂ ਅਲੱਗ ਹੋ ਗਿਆ ਪਰ ਇਹ ਸਾਬਤ ਕਰ ਦਿੱਤਾ ਕਿ ਸੂਰਮੇਂ ਦਾ ਇਹੋ ਧਰਮ ਹੈ ਕਿ ਜਿਸ ਜ਼ਾਲਮ ਦੇ ਰਾਜ ਵਿੱਚ ਭਾਵੇਂ ਸੂਰਜ ਨਾ ਛਿੱਪਦਾ ਹੋਵੇ, ਅਸੀਂ ਸ਼ਾਹ ਸਵਾਰ ਹਾਂ, ਉਸ ਦੀ ਦਾੜ੍ਹੀ ਨੂੰ ਹੱਥ ਪਉਣ ਦੀ ਜੁਰਅਤ ਕਰ ਸਕਦੇ ਹਾਂ ਇਹ ਸੀਸ ਕੱਟਿਆ ਜਾ ਸਕਦਾ ਹੈ ਪਰ ਝੁਕ ਨਹੀਂ ਸਕਦਾ।

ਪਰ ਇਹ ਬਿਖੜਾ ਪੈਂਡਾ ਸੂਲਾਂ ਦੀ ਸੇਜ ਹੈ।

ਜੇ ਚਲਨੈਂ ਸੱਚ ਦੇ ਰਾਹ ਤੇ,
ਇਹਦੇ ਹਰ ਮੋੜ ਦੇ ਉੱਤੇ,
ਕਦੇ ਸਰਹੰਦ ਆਵੇਗੀ,
ਕਦੇ ਚਮਕੌਰ ਆਵੇਗਾ

ਧਰਮ ਦੇ, ਸੱਚ ਦੇ, ਨਿਆਂ ਦੇ ਮਾਰਗ ਤੇ ਚੱਲਣ ਵਾਲਿਆਂ ਦੀ ਪ੍ਰਾਪਤੀ ਇਹੋ ਹੀ ਹੁੰਦੀ ਹੈ ਕਿ ਕੌਮ ਨੂੰ ਜਗਾਉਣ ਵਾਸਤੇ ਕਿ ਜ਼ਾਲਮ ਨੂੰ ਵੰਗਾਰ ਕੇ ਉਸਦੇ ਸਿਰ ਆਪਣੇ ਤਨ ਦਾ ਠੀਕਰਾ ਫੋੜ ਦੇਣਾ।

ਅੰਧੇਰਾ ਮਾਂਗਨੇ ਆਇਆ ਥਾ ਜਮਾਨੇ ਸੇ ਰੌਸ਼ਨੀ ਕੀ ਭੀਖ,<br>
ਹਮ ਅਪਨਾ ਘਰ ਨਾ ਜਲਾਤੇ ਤੋ ਔਰ ਕਿਆ ਕਰਤੇ।

ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਬੜੀ ਬੇ-ਪਰਵਾਹੀ ਨਾਲ ਬਿਸਮਲ ਅਜ਼ੀਮਾ ਬਾਦੀ ਦਾ ਇਕ ਸ਼ੇਅਰ ਪੜ੍ਹਿਆ ਕਰਦੇ ਸਨ:

ਸਰਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ।<br>
ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂ-ਏ-ਕਾਤਿਲ ਮੇਂ ਹੈ।

ਸਮੇਂ ਦੇ ਨਾਲ 'ਰਾਮ ਗਇਓ, ਰਾਵਣ ਗਇਓ।' ਜ਼ੁਲਮ ਦੇ ਵਿਰੁੱਧ ਜੂਝਣ ਵਾਲੇ ਵੀ ਚਲੇ ਗਏ ਅਤੇ ਜ਼ਾਲਮ ਵੀ ਚਲੇ ਗਏ ਪਰ ਰਾਮ ਭਗਵਾਨ ਕਰਕੇ ਪੂਜੇ ਜਾਂਦੇ ਹਨ ਅਤੇ ਰਾਵਣ ਦੇ ਪੁਤਲੇ ਸਾੜੇ ਜਾਂਦੇ ਹਨ। ਪੰਚਮ ਪਾਤਸ਼ਾਹ ਸਤਿਗੁਰੂ ਅਰਜਨ ਦੇਵ ਜੀ, ਸਾਹਿਬ ਗੁਰੂ ਤੇਗ ਬਹਾਦਰ ਜੀ ਸ਼ਹੀਦਾਂ ਦੇ ਸਿਰਤਾਜ ਅਤੇ ਹਿੰਦ ਦੀ ਚਾਦਰ ਕਰਕੇ ਪੂਜੇ ਜਾਂਦੇ ਹਨ ਪਰ ਉਸ ਸਮੇਂ ਦੇ ਹਾਕਮਾਂ ਦੀਆਂ ਕਬਰਾਂ ਤੇ ਉੱਲੂ ਬੋਲਦੇ ਹਨ। ਕੌਮ ਦੇ ਨਾਇਕਾਂ, ਸ਼ਹੀਦਾਂ ਦੀ ਯਾਦ ਵਿੱਚ ਹਰ ਵਰ੍ਹੇ ਮੇਲੇ ਲੱਗਦੇ ਹਨ-

ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ।<br>
ਵਤਨ ਪੇ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ।

ਸਾਹਿਬ ਗੁਰੂ ਗੋਬਿੰਦ ਸਿੰਘ ਜੀ ਤੇਗ-ਜਨੀ ਤੀਰ ਅੰਦਾਜ਼ੀ ਅਤੇ ਮੈਦਾਨੇ-ਜੰਗ ਦੇ ਸ਼ਾਹ ਸਵਾਰ ਸਨ। ਸਰਬੰਸ ਕੁਰਬਾਨ ਕਰਕੇ, ਰਾਜ-ਭਾਗ ਗਵਾ ਕੇ ਵੀ ਉਸ ਸਮੇਂ ਦੇ ਬਾਦਸ਼ਾਹ ਔਰੰਗਜ਼ੇਬ ਨੂੰ ਜਿੱਤ ਦਾ ਪੱਤਰ (ਜ਼ਫ਼ਰਨਾਮਾ) ਲਿਖਦੇ ਹਨ- ਇਹੋ ਪ੍ਰੇਰਣਾ ਸੀ ਗੁਰੂ ਸਾਹਿਬ ਦੀ- ਨਿਸਚੈ ਕਰਿ ਅਪੁਨੀ ਜੀਤ ਕਰੌਂ। ਗੁਰੂ ਸਾਹਿਬ 'ਸੂਰਮੇਂ ਦਾ ਧਰਮ, ਲਿਖਦੇ ਹਨ-

ਧੰਨ ਜੀਓ ਤਿਹ ਕੋ ਜਗ ਮੈ, ਮੁਖ ਤੇ ਹਰਿ, ਚਿੱਤ ਮੈ ਜੁਧੁ ਬਿਚਾਰੈ॥<br>
ਦੇਹ ਅਨਿੱਤ, ਨਾ ਨਿੱਤ ਰਹੈ ਜਸੁ ਨਾਵ ਚੜੈ ਭਵਸਾਗਰ ਤਾਰੈ॥<br>
ਧੀਰਜ ਧਾਮ ਬਨਾਇ ਇਹੈ ਤਨ, ਬੁੱਧਿ ਸੁ ਦੀਪਕ ਜਿਉ ਉਜੀਅਰੈ॥<br>
ਗਯਾਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਤਤਵਾਰ ਬੁਹਾਰੈ॥

ਜੋ ਗਿਆਨ ਦੀ ਬੁਹਾਰੀ ਫੜ ਕੇ ਕਾਇਰਤਾ ਨੂੰ ਚੁੱਕ ਕੇ ਬਾਹਰ ਸੁੱਟਣ ਵਾਲੇ ਸੂਰਬੀਰ ਧੰਨ ਹਨ, ਜੋ ਮੁੱਖ ਤੋਂ ਨਾਮ ਜਪਦੇ ਹਨ ਅਤੇ ਧਰਮ ਯੁੱਧ ਲਈ ਵਿਚਾਰ ਕਰਦੇ ਹਨ। ਇਹ ਸਰੀਰ ਤਾਂ ਅਨਿੱਤ ਹੈ, ਅੱਜ ਨਹੀਂ ਤਾਂ ਕੱਲ ਨੂੰ ਖਤਮ ਹੋ ਜਾਵੇਗਾ। ਜੋ ਸ਼ੁਭ ਕਰਮਨ ਨਾਲ ਜਸ ਖੱਟਦੇ ਹਨ, ਉਹ ਹੀ ਭਵਸਾਗਰ ਪਾਰ ਕਰਦੇ ਹਨ। ਇਹੋ ਸੰਕਲਪ ਹੈ ਸੰਤ-ਸਿਪਾਹੀ ਦਾ, ਭਗਤੀ ਅਤੇ ਸ਼ਕਤੀ ਦਾ ਸੁਮੇਲ।

**- ਹਰਪਾਲ ਸਿੰਘ ਸੇਵਕ**

# ਅੰਮ੍ਰਿਤ ਬਚਨ
# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਸਿੰਘ ਜਦੋਂ ਤੋਪਾਂ ਅੱਗੇ ਖੜੇ ਹੋਏ ਤਾਂ ਅੰਗਰੇਜ਼ ਕਹਿਣ ਲੱਗੇ " ਪਿੱਠ ਕਰਕੇ ਖਲੋਵੋ। " ਉਹ ਕਹਿੰਦੇ ਨੇ ਬਈ, ਸਿੰਘ ਪਿੱਠ ਕਰਕੇ ਨਹੀਂ ਖਲੋ ਸਕਦਾ। ਸਾਹਮਣੇ ਮੱਥੇ, ਸਿਰ ਉੱਤੇ ਤਕਲੀਫ ਝੱਲੀ। ਇਹਨਾਂ ਨੂੰ ਪਤਾ ਨਹੀਂ ਲੱਗਾ ਔਰ ਤੋਪ ਚੱਲਦੀ ਸੀ-ਜੈਕਾਰਾ ਬੁਲਾਉਂਦੇ ਸਨ। ਭਾਈ ਵਰਿਆਮ ਸਿੰਘ ਜੀ-ਮਰ੍ਹਾਜ ਦੇ, ਜਿਹੜੇ ਮਹਾਰਾਜੇ ਦੇ ਖਾਨਦਾਨ ਪਟਿਆਲੇ ਦੇ ਸਨ, ਉਹਨਾਂ ਨੂੰ ਕਿਸੇ ਤਰ੍ਹਾਂ ਬਚਾਉਣ ਲੱਗੇ। ਵਰਿਆਮ ਸਿੰਘ ਦਾ ਕੱਦ ਮਧਰਾ ਸੀ। ਉਹਨਾਂ ਨੂੰ ਕਿਹਾ ਗਿਆ, ਤੇਰੀ ਤੋਪ ਦੇ ਸਾਹਮਣੇ ਛਾਤੀ ਮੇਚ ਨਹੀਂ ਆਉਂਦੀ, ਤੂੰ ਲਾਂਭੇ ਹੋ ਜਾ।

ਵਰਿਆਮ ਸਿੰਘ ਵਾਹਣ ਵਿੱਚ ਗਏ, ਢੇਮਾਂ ਫੜੀਆਂ ਵਾਹਣ ਦੀਆਂ, ਚੁੱਕ ਕੇ, ਲਿਆ ਕੇ ਢੇਰੀ ਲਾ ਕੇ, ਤੇ ਉੱਤੇ ਖਲੋ ਕੇ ਕਹਿੰਦੇ, ਮੇਰੀ ਹੁਣ ਤੇ ਛਾਤੀ ਮੇਚ ਹੈ।

ਸਤਿਗੁਰੂ ਜੀ ਦੀ ਕਿਰਪਾ ਦਾ ਫਲ, ਜਦੋਂ ਇੱਕ ਸਿੰਘ ਤੋਪ ਨਾਲ ਉੱਡ ਜਾਂਦਾ ਤਾਂ ਉਹ ਦੂਜਾ ਕਹਿੰਦੈ, ਓਏ ਬਿੱਲਿਆ, ਛੇਤੀ ਕਰ, ਮੇਰਾ ਸਾਥ ਜਾਂਦਾ ਹੈ। ਬਗੈਰ ਫੜਨ ਦੇ, ਬਗੈਰ ਬੰਨ੍ਹਣ ਦੇ। ਇਹ ਮਲੇਰਕੋਟਲੇ ਦਾ ਸਾਕਾ ਹੈ।

# ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ

**28-12-2020 (ਨਾਮਧਾਰੀ ਧਰਮਸ਼ਾਲਾ ਪ੍ਰਤਾਪ ਨਗਰ ਲੁਧਿਆਣਾ)**

ਸਾਧ ਸੰਗਤ ਨੂੰ ਅਰਜ ਹੈ ਕਿ ਜੇ ਆਪਾਂ ਇਹ ਗੁਰਦੁਆਰਾ ਖੋਲ੍ਹਿਆ ਹੈ, ਆਉ ਇਹਦਾ ਵੱਧ ਤੋਂ ਵੱਧ ਫਾਇਦਾ ਉਠਾਈਏ। ਤੁਸੀਂ ਕਿਰਪਾ ਕਰੋ, ਸਾਧ ਸੰਗਤ ਏਥੇ ਆ ਕੇ ਨਾਮ-ਸਿਮਰਨ ਕਰਿਆ ਕਰੇ। ਆਪਾਂ ਅਜੇ ਸ਼ਾਮ ਨੂੰ ਸੱਤ ਤੋਂ ਅੱਠ ਸ਼ੁਰੂ ਕਰ ਲਈਏ। ਫੇਰ ਸਿਆਲ ਤੋਂ ਬਾਅਦ ਆਪਾਂ ਕੋਸ਼ਿਸ਼ ਕਰਾਂਗੇ ਕਿ ਨਾਮ-ਸਿਮਰਨ ਕਰਨ ਦਾ ਅੰਮ੍ਰਿਤ ਵੇਲੇ ਦਾ ਸਮਾਂ ਰੱਖੀਏ। ਏਸ ਬਹਾਨੇ ਤੁਹਾਡਾ ਅੰਮ੍ਰਿਤ ਵੇਲੇ ਦਾ ਇਸ਼ਨਾਨ ਵੀ ਹੋ ਜਾਇਆ ਕਰੇਗਾ, ਨਹੀਂ ਤਾਂ ਅੰਮ੍ਰਿਤ ਵੇਲੇ ਉੱਠਣ ਦਾ ਅਤੇ ਸਣੇਕੇਸੀ ਇਸ਼ਨਾਨ ਦਾ ਕੰਮ ਘਟਦਾ ਜਾਂਦਾ ਹੈ। ਅਜੇ ਸ਼ਾਮ ਦਾ ਸ਼ੁਰੂ ਕਰ ਲਈਏ ਫੇਰ ਮਹੀਨੇ ਕੁ ਤੱਕ ਅੰਮ੍ਰਿਤ ਵੇਲੇ ਦਾ ਸ਼ੁਰੂ ਕਰੀਏ। ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਸਾਰੀ ਸਾਧ ਸੰਗਤ ਏਥੇ ਆ ਕੇ, ਜੋਤ ਜਗਾ ਕੇ, ਇੱਕ ਘੰਟਾ ਨਾਮ-ਸਿਮਰਨ ਕਰਕੇ, ਫੇਰ ਕੰਮਾਂ ਤੇ ਜਾਇਆ ਕਰੋ। ਫੇਰ ਜੇ ਲੰਗਰ ਦਾ ਅਤੇ ਡਿਸਪੈਂਸਰੀ ਦਾ ਸ਼ੁਰੂ ਕਰਨਾ ਹੋਇਆ ਤਾਂ ਉਹ ਵੀ ਕਰ ਲਵਾਂਗੇ। ਆਪਾਂ ਵੱਧ ਤੋਂ ਵੱਧ ਨਾਮ-ਸਿਮਰਨ ਕਰੀਏ, ਸੱਚੇ ਪਾਤਸ਼ਾਹ ਦਾ ਜੱਸ ਹੋਵੇ ਅਤੇ ਵਧੀਆ ਮਹੌਲ ਬਣਾ ਕੇ ਰੱਖੀਏ।

# ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ

ਸਤਿਗੁਰੂ ਬਿਲਾਸ ਵਿੱਚੋਂ

(17-18 ਜਨਵਰੀ ਪ੍ਰਦੇਸ ਗਵਨ ਦਿਵਸ ਤੇ)

## ਲੁਧਿਆਣੇ ਤੋਂ ਬੁਲਾਵਾ

ਚਾਰ ਅਸਵਾਰ ਇਕ ਥਾਨੇਦਾਰ ਰਾਮਦਾਸਪੁਰੇ ਆਇਆ,ਅਸਵਾਰ ਸੜਕ ਪਰ ਖੜੇ ਕੀਤੇ। ਸਤਿਗੁਰੂ ਜੀ ਕੋ ਕਹਿਣੇ ਲਗਾ ਆਪ ਕੋ ਲੁਧਿਹਾਨੇ ਯਾਦ ਕੀਤਾ ਹੈ। ਸ੍ਰੀ ਸਤਿਗੁਰੂ ਜੀ ਪਹਿਲੇ ਤਾਂ ਬਚਨ ਕੀਤਾ, ਪਾਓ ਘੋੜਿਆਂ ਪਰ ਕਾਠੀਆਂ। ਫੇਰ ਬਚਨ ਕੀਤਾ ਘੋੜੇ ਥੱਕੇ ਹੈਨ, ਗੱਡਾ ਤਿਆਰ ਕਰੋ। ਹੁਕਮ ਹੋਇਆ ਗੁਰਦਿੱਤ ਸਿੰਘ ਗੱਡਾ ਤਿਆਰ ਕਰੋ ਪੱਖਲੀਆਂ ਲਾਇਕੇ ਕੋਠੇ ਵਾਂਗੂੰ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਅਸੀਂ ਬੈਠ ਤਾਂ ਨਹੀਂ ਰਹਿਣਾ ਹੈ। ਅਸੀਂ ਤਾਂ ਖੇਡ ਕਰਨ ਆਏ ਹੈਂ। ਅਸਾਂ ਤਾਂ ਜਾਣਾ ਈ ਸੀ। ਕਦ ਕ ਤਾਈਂ ਬੈਠਣਾ ਸੀ। ਸਾਡੇ ਤੁਰੇ ਬਗੈਰ ਕਾਰ ਨਹੀਂ ਤੁਰਨੀ ਹੈ। ਅਸੀਂ ਤੁਰਾਂਗੇ ਤਾਂ (ਧਰਮ) ਕਾਰ ਤੁਰਨੀ ਹੈ। ਹੈ ਬੀ ਤਾਂ ਠੀਕ ਜੋ ਜਿਸ ਕੰਮ ਨੂੰ ਆਉਂਦਾ ਹੈ, ਜ਼ਰੂਰ ਕਰਨਾ ਪੈਂਦਾ ਹੈ। ਅਸੀਂ ਏਸੇ ਕੰਮ ਨੂੰ ਆਏ ਹੈਂ। ਬਾਬੇ ਜਵਾਹਰ ਸਿੰਘ ਪੁੱਛਿਆ, ਨਾਲ ਭੀ ਕੋਈ ਚਾਹੀਏ। ਬਚਨ ਕੀਤਾ ਹੋਵੋ ਤਿਆਰ ਜਿਸ ਹੋਣਾ ਹੈ। ਸੂਬਿਆਂ ਨੇ ਅਰਜ ਕੀਤੀ, ਜੀ ਤੁਸਾਂ ਸਾਂਗ ਰਚਿਆ ਹੈ, ਅਸੀ ਭੁਜ ਕੇ ਮਰ ਜਾਵਾਂਗੇ। ਬਚਨ ਕੀਤਾ ਹੁਕਮ ਮੰਨਣਾ ਜੋਗ ਹੈ। ਜੋ ਹੁਕਮ ਮੰਨੇਗਾ ਸੋ ਸੌਖਾ ਰਹੇਗਾ, ਜੋ ਨਾ ਮੰਨੇਗਾ ਸੋ ਔਖਾ ਹੋਵੇਗਾ। ਸਤਿਗੁਰੂ ਜੀ ਇਹ ਭੀ ਬਚਨ ਕੀਤਾ, ਤੀਰ ਕੀ ਚੋਂਚ ਜਿਤਨੀ ਪਾਪ ਕੀ ਚਾਦਰ ਪਾਟੀ ਹੈ, ਤੀਰ ਕੀ ਚੋਂਚ ਜਿਤਨੀ ਧਰਮ ਕੀ ਚਾਦਰ ਵਿਛੀ ਹੈ। ਇਹ ਵੀ ਬਚਨ ਕੀਤਾ-ਕੰਙਣਾ ਸ਼ਿਸਪਾਲ ਕੇ ਹਾਥ ਰਹਿਓ ਬਿਧਨਾ ਕਛੂ ਔਰ ਕੀ ਔਰ ਠਣੀ। ਜਾਣੇ ਸੇ ਪਹਿਲੇ ਕਈ ਦਿਨ ਏਹੀ ਸ਼ਬਦ ਪੜਦੇ ਰਹੇ। ਕੰਙਣਾ ਸ਼ਿਸਪਾਲ ਕੇ ਹਾਥ ਰਹਿਓ ਬਿਧਨਾ ਕਛੂ ਔਰ ਕੀ ਔਰ ਠਣੀ।

## ਇਹ ਕੰਮ ਮੇਰੇ ਜਾਣ ਦਾ ਹੀ ਹੈ

ਮਹਾਰਾਜ ਬੁੱਧ ਸਿੰਘ ਜੀ ਅਰਜ ਕੀਤੀ, ਦੀਨਾਨਾਥ ਜੀ ਏਹ ਸਭ ਕੁਛ ਮੈਂ ਆਪਣੇ ਸਿਰ ਤੇ ਮੰਨ ਲੈਂਦਾ ਹਾਂ ਕਿ ਮੈਂ ਕਰਾਇਆ ਹੈ। ਆਪ ਦੀ ਥਾਂ ਮੈਂ ਤੁਰ ਜਾਂਦਾ ਹਾਂ ਤੁਸੀਂ ਏਥੇ ਰਹੋ। ਆਪ ਤੋਂ ਬਗੈਰ ਸੰਗਤਾਂ ਨਹੀਂ ਬਚ ਸਕਦੀਆਂ। ਸਤਿਗੁਰੂ ਜੀ ਬਚਨ ਕੀਤਾ, ਏਹ ਕੰਮ ਮੇਰੇ ਜਾਣ ਦਾ ਹੀ ਹੈ। ਮੇਰੇ ਗਿਆਂ ਬਗੈਰ ਕੰਮ ਨਹੀਂ ਸਰਨਾ।

## ਬਾਬਾ ਜੱਸਾ ਸਿੰਘ ਦੀ ਅਰਜ

ਪੱਖਲੀਆਂ ਲਾਇ ਗੱਡਾ ਤਿਆਰ ਕੀਤਾ। ਤੰਬੂ ਵਾਂਗੂੰ ਹੋਇ ਗਿਆ। ਪੁਸ਼ਾਕ ਪਹਿਰਨ ਲਗੇ ਤਾਂ ਬਚਨ ਕੀਤਾ, 'ਕੀ ਪਹਿਰਨੀ ਹੈ ਪੁਸ਼ਾਕ ।' ਏਕ ਸਸਿਆਂ ਦੀ ਉਂਨ ਦੀ ਦਸਤਾਰ ਜੀ ਸੋ ਬੱਧੀ। ਏਕ ਕਾਲੀ ਕੰਬਲੀ ਸੀ ਸੋ ਉੱਤੇ ਲਈ। ਬਚਨ ਕੀਤਾ ਅਰਦਾਸਾ ਮੈਂ ਕਰਦਾ ਹਾਂ। ਆਪ ਅਰਦਾਸਾ ਕੀਤਾ। ਹੁਕਮ ਏਹ ਦੀਆ ਕੇ ਜੋ ਹੁਣ ਚਰਨੀਂ ਹੱਥ ਲਾਵੇਗਾ ਸੋ ਕੋਹੜੀ ਹੋਵੇਗਾ। ਬੇਅੰਤ ਸੰਗਤ ਖੜੀ ਸੀ, ਕੋਈ ਨਾ ਕਿਸੇ ਨੂੰ ਔੜ੍ਹੀ। ਦੇਖਦੇ ਈ ਰਹਿ ਗਏ। ਸਰਾਫ਼ ਥੀਂ

ਡਰਦਿਆਂ ਕਿਸੇ ਨਾ ਹੱਥ ਲਾਇਆ ਚਰਨੀਂ। ਬਾਬੇ ਸਾਹਿਬ ਸਿੰਘ ਪੁੱਛਿਆ, ਕੁਛ ਨਾਲ ਲੈ ਲਈਏ? 'ਕਹਾ ਕੇ ਲੈ ਲਓ, ਪੰਜਾਹ ਸੱਠ ਰੁਪਈਏ ਲੈ ਲਏ। ਬਾਬੇ ਜੱਸਾ ਸਿੰਘ ਜੀ ਨੂੰ ਬਚਨ ਕੀਤਾ, 'ਬਾਬਾ ਦਸਰਥ ਵਾਲੀ ਭਾਵੀ ਯਾਦ ਰਖਣੀ। ਕਮਰਕਸਾ ਕੀਤਾ ਹੈ ਦੁਸਟਾਂ ਕੇ ਖੈ ਕਰਨੇ ਕੋ, ਸੰਤਾਂ ਕੀ ਜੈ ਕਰਨੇ ਕੋ । ਬਾਬੇ ਜੱਸਾ ਸਿੰਘ ਨੇ ਅਰਜ ਕੀਤੀ, ''ਜੀ ,ਮੇਰਾ ਜਦੋਂ ਅੰਤ ਹੋਵੇ ਆਪ ਕੋਲ ਹੋਵੋਂ। ਦਾਹ ਮਨਸਾ ਰਾਮ ਦੀ ਸਮਾਧ ਕੋਲ ਹੋਵੇ ਤੇ ਪੰਚਕਾਂ ਨਾ ਹੋਣ।

ਕੰਬਲੀ ਕੀ ਬੁੱਕਲ ਮਾਰਕੇ ਗੱਡੇ ਮੈ ਆਇ ਬੈਠੇ। ਦੀਨ ਦਿਆਲ ਜੀ ਬਚਨ ਕੀਤਾ, ਕੌਣ ਤਿਆਰ ਹੋਇਆ ਹੈ? ਚੇਤ ਸਿੰਘ ਮੌੜਾਂ ਕਾ ਸਤਿਗੁਰਾਂ ਦਾ ਗੜਵਈ ਸੀ, ਉਸਨੇ ਅਰਜ ਕੀਤੀ, ਜੀ ਮੈਂ ਚਲਦਾ ਹਾਂ। ਸ੍ਰੀ ਸਤਿਗੁਰੂ ਜੀ ਬਚਨ ਕੀਤਾ, ਤੂੰ ਗ੍ਰਸਤੀ ਹੈਂ। ਤੇਰਾ ਸਮਾਂ ਨਹੀਂ ਹੈ ਜਾਨੇ ਕਾ। ਨਾਨੂੰ ਸਿੰਘ ਸਦਿਆ। ਬਚਨ ਕੀਤਾ, 'ਨਾਨੂੰ ਸਿੰਘ, ਤੈਂ ਨਾਲ ਚਲਨਾ ਹੋਊ। ਨਾਨੂੰ ਸਿੰਘ ਨਾਲ ਤਿਆਰ ਹੋਇਆ।'

## ਪਰ ਤੁਸੀਂ ਨਹੀਂ ਮੰਨਣਾ

ਬਾਬਾ ਜਵਾਹਰ ਸਿੰਘ, ਬਾਬਾ ਸਾਹਿਬ ਸਿੰਘ ਪੰਜਵਾਂ ਨਾਲ ਗੁਰਦਿੱਤ ਸਿੰਘ 'ਗਾਡੀ, ਗੱਡੇ ਮੈ ਬੈਠੇ। ਸਭ ਸਿੰਘ ਖੜੇ ਕਰ ਦਿੱਤੇ ਖ਼ਰਾਸ ਕੀ ਗੁਠ ਕੋਲ ਕੇ ਅੱਗੇ ਨਾ ਕੋਈ ਆਓ। ਬਚਨ ਕੀਤਾ ਜੇ ਮੇਰੀ ਦੇਹ ਕੀ ਲੋਥ ਕੋ ਭੀ ਲਿਆਇਕੇ ਰੱਖੇ ਕੋਈ ਜਾਂ ਕਹੇ ਕੇ ਮੈਂ ਰਾਮ ਸਿੰਘ ਨੂੰ ਫੂਕ ਕੇ ਆਇਆ ਹਾਂ ਚਿਖਾ ਮੈ ਧਰਕੇ ਤਾਂ ਭੀ ਤੁਸੀਂ ਨਹੀਂ ਮੰਨਣਾ ਕੇ ਚੜ੍ਹ ਗਿਆ ਹੈ। ਸ਼ਤਾਬੀ ਆਵਾਂਗੇ ਰਾਮ ਚੰਦਰ ਵਾਂਗੂੰ, ਦੇਖਣਾ ਡੋਲਣਾ ਨਹੀਂ, ਸਾਬਤ ਰਹਿਣਾ, ਭਜਨ ਬਾਣੀ ਕਰਨਾ। ਸਵਾ ਗਿਯਾਰਾਂ ਰੁਪੈ ਕਾ ਕੜਾਹ ਪ੍ਰਸਾਦਿ ਕਰਨਾ। ਬਰਤਾ ਕੇ ਆਪੋ ਆਪਣੇ ਘਰਾਂ ਨੂੰ ਚਲੇ ਜਾਣਾ।' ਲਾਲ ਸਿੰਘ ਗੁਮਟੀਵਾਲੇ ਨੂੰ ਸੱਦਕੇ ਬਚਨ ਕੀਤਾ, 'ਝੂਠ ਸੱਚ ਤੁਸੀਂ ਬਥੇਰਾ ਸੁਣੋਗੇ ਪਰ ਤੁਸੀਂ ਨਹੀਂ ਮੰਨਣਾ।' ਦਾਨ ਸਿੰਘ ਨਾਲ ਗਿਆ ਠਡੇ ਤੋੜੀਂ। ਸਤਿਗੁਰੂ ਜੀ ਬਚਨ ਕੀਤਾ ਡਰਨਾ ਨਹੀਂ ਅਸੀਂ ਛੇਤੀ ਆਵਾਂਗੇ। ਗੁਪਾਲ ਸਿੰਘ ਨੂੰ ਕਹਿਣਾ ਸੌਂਵੇ ਨਾ ਕੋਈ, ਪਾਠ ਕਰੋ। ਜੇ ਜਪੁ ਸਾਹਿਬ ਨਾ ਕੰਠ ਹੋਵੇ ਸੋ ਮਾਲਾ ਫੇਰੇ, ਸੌਂਵੇ ਕੋਈ ਨਾ ਰਾਤ ਨੂੰ। ਜਦ ਗੱਡਾ ਸੜਕ ਪਰ ਗਿਆ ਤਾਂ ਦੋ ਅਸਵਾਰ ਅੱਗੇ ਤੇ ਦੋ ਅਸਵਾਰ ਪਿੱਛੇ ਫਰਕ ਨਾਲ ਤੁਰੇ।

## ਨਾਮਧਾਰੀ ਸਿੰਘਾਂ ਨੂੰ ਤੋਪਾਂ ਨਾਲ ਉਡਾਇਆ ਜਾਣਾ : (17-18 ਜਨਵਰੀ 1872 ਈ.)

ਰਾਜਿਆਂ ਕੀਆਂ ਫ਼ਰੰਗੀ ਨੇ ਤੋਪਾਂ ਮੰਗਵਾਇ ਲਈਆਂ। ਉਡਾਉਨੇ ਕਾ ਹੁਕਮ ਦੇ ਦੀਆ। ਪਟਿਆਲੇ ਕੀ ਤੋਪ ਤੇ ਨਾਭੇ ਕੀ ਤੋਪ ਸੰਗਰੂਰ ਦੀ ਤੋਪ ਤੇ ਮਲੇਰਕੋਟਲੇ ਕੀ ਤੋਪ, ਨੌਂ ਤੋਪਾਂ ਬੀੜੀਆਂ।

## ਸਮੁੰਦ ਖਾਂ ਈਂ ਪਠਾਨ ਥਾ

ਬਿੱਲੇ ਨੇ ਹੀਰਾ ਸਿੰਘ ਸੇ ਪੁੱਛਿਆ ਤੁਮਨੇ ਕਿਉਂ ਗ਼ਦਰ ਮਚਾਇਆ ਹੈ? ਹੀਰਾ ਸਿੰਘ ਨੇ ਕਹਿਆ ਤੁਸੀਂ ਗਊ ਬਧ ਕਰਦੇ ਹੋ, ਅਸੀਂ ਗਊ ਬਧ ਨਹੀਂ ਸਹਾਰ ਸਕਦੇ ਹੈਂ। ਗਊਆਂ ਦੀ ਰੱਛਿਆ ਵਾਸਤੇ ਗਦਰ ਮਚਾਇਆ ਹੈ। ਬਿੱਲਾ ਬੋਲਿਆ ਕਿ ਹਮ ਜਾਣਤੇ ਹੈਂ ਤੁਮਨੇ ਰਾਜ ਕੇ ਲੀਏ ਗਦਰ ਮਚਾਇਆ ਹੈ, ਪਰ ਰਾਜ ਸਾਨੂੰ ਖੁਦਾ ਕਾ ਦੀਆ ਹੋਇਆ ਹੈ। ਸਾਥੋਂ ਐਵੇਂ ਨਹੀਂ ਖੋਹਿਆ ਜਾ ਸਕਦਾ।

ਫ਼ਰੰਗੀ ਨੇ ਪੁੱਛਿਆ, ਕਿਨ ਮਾਰਿਆ ਹੈ ਸਮੁੰਦ ਖਾਂ? ਉਸਦੇ ਪੁੱਤ ਨੇ ਹੀਰਾ ਸਿੰਘ ਵੰਨੀ ਹੱਥ ਕਰ ਕੇ ਕਿਹਾ, 'ਉਸਨੇ ਮਾਰਿਆ ਹੈ।' ਹੀਰਾ ਸਿੰਘ ਨੇ ਕਹਾ, ਸਮੁੰਦ ਖਾਂ ਪਠਾਨ ਕਾ ਕੋਈ ਲੜਕਾ ਹੈ? ਮੰਗਵਾਵੋ! ਦੋ ਲੜਕੇ ਥੇ ਆਏ। ਦੋਨੋਂ ਕੇ ਸਿਰ ਪਰ ਹੱਥ ਧਰ ਕੇ ਬਚਨ ਕੀਤਾ ਸਮੁੰਦ ਖਾਂ ਈਂ ਪਠਾਨ ਥਾ ਹੋਰ ਸਭ ਜੁਲਾਹੇ ਪੇਂਜੇ ਈ ਇਕੱਠੇ ਹੋਏ ਹੈ? ਏਨ੍ਹਾਂ ਕਾ ਈ ਸੇਰ ਆਟਾ ਕਰੋ ਜਿਨ ਕਰਨਾ ਹੈ, ਪਠਾਨ ਕੇ ਪੂਤ ਹੈਂ। ਸੁਹੇਲ ਸਿੰਘ ਕੇ ਮੋਢੇ ਪਰ ਪੁਸਤਕ ਸੀ। ਉਸ ਕੋ ਫ਼ਰੰਗੀ ਲਾਹ ਕੇ ਦੇਖਨ ਲਗਾ ਕੇ ਕੀ ਹੈ।

## ਭਾਈ ਹੀਰਾ ਸਿੰਘ ਤੇ ਲਹਿਣਾ ਸਿੰਘ ਦੀ ਸ਼ਹੀਦੀ

ਭਾਈ ਹੀਰਾ ਸਿੰਘ ਤੇ ਲਹਿਣਾ ਸਿੰਘ ਦੋਵੇਂ ਇਸ਼ਨਾਨ ਕਰਕੇ ਤੋਪ ਕੇ ਮੂਹਰੇ ਹੋਏ। ਬਿੱਲੇ ਨੇ ਕਹਾ ਕੇ ਇਨਕੋ ਰੱਸੇ ਪਾਇਕੇ ਅੱਗੇ ਖੜੇ ਕਰੋ। ਸਿੰਘਾਂ ਨੇ ਉਸ ਨੂੰ ਕਹਿਆ ਕਿ ਪਰੇ ਹੋਇ ਜਾ ਅਸੀਂ ਆਪੇ ਈ ਜਾਇ ਖੜੋਵਾਂਗੇ। ਤੋਪ ਅੱਗੇ ਜਾਇ ਖੜੇ ਹੋਏ ਹੱਲਾ ਕਰਕੇ। ਬਿੱਲੇ ਕਹਿਆ ਪੀਠ ਕਰੋ। ਸਿੰਘਾਂ ਬੋਲਾ ਕੀਤਾ ਪੀਠ ਨਹੀਂ ਕਰੇਂਗੇ, ਸਨਮੁਖ ਹੋਇਕੇ ਚੜ੍ਹੇਂਗੇ। ਸਾਹਮਨੇ ਛਾਤੀਆਂ ਡਾਹਕੇ ਖੜੇ ਹੋਏ ਹੌਸਲਿਆਂ ਵਾਲੇ ਸਿੰਘ ।

ਤਿੰਨ ਫੇਰੀ ਬਤੀ ਲਾਈ, ਤੋਪ ਪਲੀਤਾ ਚੱਟ ਗਈ। ਫੇਰ ਬਤੀ ਲਾਈ, ਨਾ ਚਲੀ। ਬਿੱਲਾ ਕਹੇ ਤੋਪ ਬਤੀ ਨਹੀਂ ਲੈਂਦੀ। ਏਹ ਨਾ ਸਮਝੇ ਕੇ ਕਰਾਮਾਤ ਕੇ ਸਬਬ ਨਹੀਂ ਚਲਦੀ ਹੈ। ਫ਼ਰੰਗੀ ਕਾ ਕਾਨੂੰਨ ਸੀ ਕਿ ਜੇਕਰ ਤਿੰਨ ਵਾਰ ਤੋਪ ਨਾ ਚਲੇ ਤਾਂ ਦੋਸ਼ੀ ਨੂੰ ਛੋਡ ਦੇਨਾ। ਸੋ ਕਾਨੂੰਨ ਤੋ ਝੂਠੇ ਕਰ ਲਏ ਹੈਂ। ਚੌਥੀ ਵਾਰ ਬਤੀ ਦਿੱਤੀ ਤਾਂ ਤੋਪ ਚਲੀ। ਜੋ ਜੋੜ ਸੇ ਸੋ ਤਾਂ ਪੁਰਜਾ ਪੁਰਜਾ ਹੋਇਕੇ ਜਾਇ ਪਏ, ਜੋ ਸੀਸ ਸੀ ਹੀਰਾ ਸਿੰਘ ਕਾ ਸੋ ਸਣੇ ਦਸਤਾਰ ਆਕਾਸ ਨੂੰ ਉਡਿਆ, ਦੂਰ ਜਾਇ ਦਸ ਕਰਮ ਪਰ ਡਿਗਾ ਧਰਤੀ ਪਰ ਤੀਨ ਵਾਰੀ ਧਰਤੀ ਸੇ ਉਭਰ ਕੇ ਖਿਦੋ ਵਾਂਗ ਤਾਂ ਠੰਡਾ ਹੋਇਆ। ਫੌਜ ਕਾ ਮੂੰਹ ਉਤਾਹਾਂ ਕਾ ਉਤਾਹਾਂ ਹੀ ਰਹਿ ਗਿਆ। ਚਲਿਤਰ ਬਚਿਤਰ ਕੋ ਦੇਖਕੇ ਮੂਰਤਾਂ ਵਾਂਗੂੰ ਝਾਕਣ, ਬੋਲਣ ਨਾ। ਸੁੰਨ ਸਮਾਧ ਵਰਤ ਗਈ। ਸਮਝ ਤਾ ਪਈ ਕੇ ਜਰੂਰ ਕਲਾ ਵਾਲੇ ਹੈ ਪਰ ਕਰਤਾਰ ਕੇ ਅੰਨ੍ਹੇ ਕੀਤਿਆਂ ਨੂੰ ਕੌਣ ਸੁਜਾਖਾ ਕਰਦਾ ਹੈ? ਕਿਉਂਕਿ ਗੁਰੂ ਜੀ ਭਾਣਾ ਵਰਤਾਵਣਾ ਸੀ ਅੱਸੀ ਸੀਸ ਪੂਰੇ ਕਰਨੇ ਹੈਂ। ਜੇਹੜੀ ਜੜ੍ਹ ਹਰੀ ਰੱਖੀ ਹੈ ਸੋਈ ਪੁੱਟਣੀ ਹੈ।

## ਬਿਸ਼ਨ ਸਿੰਘ ਦੀ ਸ਼ਹੀਦੀ

ਬਿਸ਼ਨ ਸਿੰਘ ਨੇ ਫ਼ਰੰਗੀ ਨੂੰ ਕਹਿਆ ਕਿ ਮੇਰੀ ਅਰਜ ਹੈ। ਫ਼ਰੰਗੀ ਅੱਗੇ ਹੋਇਕੇ ਸੁਣਨੇ ਲਗਾ। ਏਕ ਹਾਥ ਸੇ ਦਾੜ੍ਹੀ ਫੜ੍ਹੀ ਦੂਏ ਹੱਥ ਕੀ ਚਪੇੜ ਮਾਰੀ ਮੂੰਹ ਉੱਤੇ ਕੱਸ ਕੇ। ਉਸਦੀ ਟੋਪੀ ਦੂਰ ਜਾਇ ਪਈ। ਨਾਭੇ ਵਾਲੇ ਕਾ ਸਪਾਹੀ ਕੋਲ ਥਾ। ਤਿਸਨੇ ਸ੍ਰੀ ਸਾਹਿਬ ਮਾਰ ਕੇ ਸਿੰਘ ਕਾ ਸਿਰ ਜੁਦਾ ਕਰ ਦੀਆ। ਇਸ਼ਨਾਨ ਕਰਕੇ ਸਿੰਘਾਂ ਨੇ ਆਪੇ ਈ ਅੱਗੇ ਜਾਇ ਖੜੋਣਾ, ਤੋਪ ਦਗਦੀ ਨਾਲ ਸਤਿ ਸ੍ਰੀ ਅਕਾਲ ਬੁਲਾਉਣੀ। ਤੋਪ ਲਗਣੇ ਸੇ ਸਿੰਘਾਂ ਕੇ ਸਰੀਰ ਪੁਰਜਾ ਪੁਰਜਾ ਹੋਇਕੇ ਜਾਇ ਪੈਣੇ ਫਰਕ ਨਾਲ।

# ਤੋਪਾਂ ਵੀ ਨਾਮਧਾਰੀਆਂ ਨੂੰ ਝੁਕਾ ਨਾ ਸਕੀਆਂ...

– ਡਾ. ਲਖਵੀਰ ਸਿੰਘ (ਰਾਮਪੁਰਾ ਫੂਲ)

ਸ਼ਹੀਦ ਭਗਤ ਸਿੰਘ ਆਪਣੀ ਲਿਖਤ ਮਹਾਨ ਕੂਕਾ ਲਹਿਰ ਵਿੱਚ ਲਿਖਦੇ ਹਨ, ''ਉਹ ਤਾਂ ਤੋਪਾਂ ਸਾਹਮਣੇ ਵੀ ਹੱਸ ਦਿੰਦੇ ਸਨ। ਉਹ ਅਨੰਦ ਨਾਲ 'ਸਤਿ ਸ੍ਰੀ ਅਕਾਲ' ਦੇ ਆਕਾਸ਼ ਗੁੰਜਾਊ ਨਾਅਰਿਆਂ ਨਾਲ ਆਕਾਸ਼ ਪਤਾਲ ਇੱਕ ਕਰ ਦਿੰਦੇ ਸਨ। ਅਸੀਂ ਸਮਝਦੇ ਹਾਂ ਕਿ ਦੇਸ਼ ਵਾਸਤੇ ਨਿਸ਼ਕਾਮ ਭਾਵ ਨਾਲ ਮਰ-ਮਿੱਟਣ ਵਾਲੇ ਲੋਕਾਂ ਨੂੰ ਭੁਲਾ ਦੇਣਾ ਬਹੁਤ ਵੱਡੀ ਅਹਿਸਾਨ-ਫਰਾਮੋਸ਼ੀ ਹੋਵੇਗੀ। ਅਸੀਂ ਉਨ੍ਹਾਂ ਦੀ ਯਾਦ ਵਿੱਚ ਬਹੁਤ ਵੱਡਾ ਥੰਮ੍ਹ ਨਹੀਂ ਖੜ੍ਹਾ ਕਰ ਸਕਦੇ ਤਾਂ ਆਪਣੇ ਦਿਲ ਵਿੱਚ ਥਾਂ ਦੇਣੋਂ ਕਿਉਂ ਝਿਜਕੀਏ?''

12 ਅਪਰੈਲ 1857 ਨੂੰ ਸਤਿਗੁਰੂ ਰਾਮ ਸਿੰਘ ਨੇ ਭੈਣੀ ਸਾਹਿਬ ਵਿੱਚ ਚਿੱਟਾ ਝੰਡਾ ਲਹਿਰਾ ਕੇ ਆਜ਼ਾਦੀ ਦਾ ਬਿਗੁਲ ਵਜਾ ਦਿੱਤਾ। ਉਨ੍ਹਾਂ ਗੁਰਸਿੱਖੀ ਦੇ ਪ੍ਰਚਾਰ ਅਤੇ ਦੇਸ਼ ਦੀ ਆਜ਼ਾਦੀ ਲਈ ਪੁਰਾਤਨ ਪੰਜਾਬ ਨੂੰ 22 ਹਿੱਸਿਆਂ ਵਿੱਚ ਵੰਡ ਕੇ 22 ਸੂਬੇ ਨਿਯੁਕਤ ਕਰ ਦਿੱਤੇ। ਅੰਗਰੇਜ਼ ਨਾਲ ਨਾ-ਮਿਲਵਰਤਨ ਦਾ ਝੰਡਾ ਗੱਡ ਕੇ ਸਵਦੇਸ਼ੀ ਦਾ ਪ੍ਰਚਾਰ ਕੀਤਾ। ਉਨ੍ਹਾਂ ਕੁੜੀਆਂ ਮਾਰਨ, ਵੇਚਣ, ਵੱਟਾ ਕਰਨ ਤੇ ਬਾਲ ਵਿਆਹ ਵਿਰੁੱਧ ਆਵਾਜ਼ ਉਠਾਈ। ਲੱਖਾਂ ਦੀ ਗਿਣਤੀ ਵਿੱਚ ਲੋਕ ਨਾਮਧਾਰੀ ਬਣਨ ਲੱਗੇ। ਉਨ੍ਹਾਂ ਸਿੱਖ ਸਵਰਾਜ ਕਾਇਮ ਕਰਨ ਲਈ ਆਪਣਾ ਡਾਕ ਪ੍ਰਬੰਧ, ਨਿਆਂ ਪ੍ਰਣਾਲੀ, ਕਸ਼ਮੀਰ ਵਿੱਚ ਕੂਕਾ ਪਲਟਨ ਦੀ ਰਜਮੈਂਟ ਖੜ੍ਹੀ ਕਰ ਦਿੱਤੀ। ਵਿਦੇਸ਼ਾਂ ਨਾਲ ਅੰਗਰੇਜ਼ ਵਿਰੁੱਧ ਕੌਮਾਂਤਰੀ ਸਬੰਧ ਪੈਦਾ ਹੋਣ ਨਾਲ ਅੰਗਰੇਜ਼ ਭੈਅ-ਭੀਤ ਹੋ ਗਏ। ਗੁਰੂ ਰਾਮ ਸਿੰਘ ਨੇ ਲਹਿਰ ਨੂੰ ਇੰਨੇ ਅਨੁਸ਼ਾਸਨ ਨਾਲ ਚਲਾਇਆ ਕਿ ਅੰਗਰੇਜ਼ ਕੂਕਾ ਅੰਦੋਲਨ ਵਿਰੁੱਧ ਉਂਗਲ ਨਹੀਂ ਕਰ ਸਕਦੇ ਸਨ।

ਨਾਮਧਾਰੀ ਸਿੰਘਾਂ ਵੱਲੋਂ ਮਾਲੇਰਕੋਟਲਾ 'ਤੇ ਧਾਵਾ ਬੋਲਣ ਨਾਲ ਅੰਗਰੇਜ਼ਾਂ ਨੂੰ ਕੂਕਾ ਅੰਦੋਲਨ ਵਿਰੁੱਧ ਕਾਰਵਾਈ ਕਰਨ ਦਾ ਮੌਕਾ ਮਿਲ ਗਿਆ ਅਤੇ ਉਨ੍ਹਾਂ ਨੇ ਕੂਕਾ ਅੰਦੋਲਨ ਦੇ ਸੂਰਬੀਰਾਂ ਤੇ ਬਿਨਾਂ ਮੁਕੱਦਮਾ ਚਲਾਏ ਤੋਪਾਂ ਚਲਾਉਣ ਦਾ ਹੁਕਮ ਦੇ ਦਿੱਤਾ। ਅੰਗਰੇਜ਼ ਸਰਕਾਰ ਨੇ ਆਜ਼ਾਦੀ ਸੰਗਰਾਮ ਦੇ ਪ੍ਰਥਮ ਸੰਘਰਸ਼ ਕੂਕਾ ਅੰਦੋਲਨ ਨੂੰ ਦਬਾਉਣ ਲਈ 17 ਜਨਵਰੀ 1872 ਈ. ਨੂੰ 9 ਤੋਪਾਂ ਨਾਲ, 7 ਵਾਰੀਆਂ ਵਿੱਚ, 7-7 ਸਿੰਘਾਂ ਨੂੰ ਬਿਨਾਂ ਮੁਕੱਦਮਾ ਚਲਾਏ ਤੋਪਾਂ ਨਾਲ ਸ਼ਹੀਦ ਕਰ ਦਿੱਤਾ। ਜਦੋਂ 6 ਵਾਰੀਆਂ ਭਾਵ 42 ਸਿੰਘਾਂ ਨੂੰ ਤੋਪਾਂ ਨਾਲ ਸ਼ਹੀਦ ਕਰ ਦਿੱਤਾ ਗਿਆ ਸੀ ਅਤੇ 7ਵੀਂ ਵਾਰੀ ਦੇ ਸਿੱਖ ਸ਼ਹੀਦ ਹੋਣ ਲਈ ਤੋਪਾਂ ਅੱਗੇ ਖੜ੍ਹੇ ਸਨ ਤਾਂ ਡਿਪਟੀ ਕਮਿਸ਼ਨਰ ਐੱਲ ਕਾਵਨ ਨੂੰ ਕਮਿਸ਼ਨਰ ਫੋਰਸਾਈਥ ਦੀ ਚਿੱਠੀ ਮਿਲੀ ਕਿ ਉਨ੍ਹਾਂ ਦੇ ਆਉਣ ਤੱਕ ਕੋਈ ਕਾਰਵਾਈ ਨਾ ਕੀਤੀ ਜਾਵੇ। ਪਰ ਕਾਵਨ ਨੇ ਬਿਨਾਂ ਪ੍ਰਵਾਹ ਕੀਤਿਆਂ 7ਵੇਂ ਜਥੇ 'ਤੇ ਵੀ ਤੋਪਾਂ ਚਲਾ ਦਿੱਤੀਆਂ। ਇਨ੍ਹਾਂ ਸ਼ਹੀਦਾਂ ਪ੍ਰਤੀ ਕਾਵਨ ਲਿਖਦਾ ਹੈ- 'ਇਨ੍ਹਾਂ ਕੈਦੀਆਂ ਦਾ ਵਤੀਰਾ ਬਹੁਤ ਨਿਡਰਤਾ ਭਰਿਆ ਤੇ ਹਾਕਮਾਂ ਤੋਂ ਨਾ ਡਰਨ ਵਾਲਾ ਹੈ। ਉਹ ਅੰਗਰੇਜ਼ੀ ਸਰਕਾਰ ਅਤੇ ਦੇਸੀ ਰਾਜਿਆਂ ਨੂੰ ਗਾਲ੍ਹਾਂ ਕੱਢਦੇ ਹਨ। ਉਨ੍ਹਾਂ ਦਾ ਮਨੋਰਥ ਅੰਗਰੇਜ਼ੀ ਰਾਜ ਖਤਮ ਕਰਨਾ ਹੈ।'

ਕਮਿਸ਼ਨਰ ਫੋਰਸਾਈਥ 18 ਜਨਵਰੀ ਨੂੰ ਮਲੇਰਕੋਟਲੇ ਪੁੱਜਾ। ਉਸ ਨੇ ਬਾਕੀ ਰਹਿੰਦੇ 16 ਸਿੰਘਾਂ 'ਤੇ ਮੁਕੱਦਮੇ ਦੀ ਕਾਰਵਾਈ ਪਾ ਕੇ ਉਨ੍ਹਾਂ ਨੂੰ ਉਵੇਂ ਹੀ ਤੋਪਾਂ ਨਾਲ ਸ਼ਹੀਦ ਕਰ ਦਿੱਤਾ। ਅੰਗਰੇਜ਼ ਅਫ਼ਸਰ ਐੱਲ ਕਾਵਨ ਨੇ ਪਹਿਲਾਂ ਇਹ ਨੀਤੀ ਤੈਅ ਕੀਤੀ ਸੀ ਕਿ ਬਾਗੀਆਂ ਨੂੰ ਤੋਪਾਂ ਅੱਗੇ ਪਿੱਠ ਕਰ ਕੇ ਬੰਨ੍ਹ ਕੇ ਸ਼ਹੀਦ ਕੀਤਾ ਜਾਵੇਗਾ ਪਰ ਸਿੰਘਾਂ ਨੇ ਕਾਵਨ ਨੂੰ ਵੰਗਾਰਿਆ ਕਿ ਕੰਡ ਕਰਨੀ ਸੂਰਮੇ ਦਾ ਕੰਮ ਨਹੀਂ ਅਤੇ ਉਹ ਛਾਤੀਆਂ ਤਾਣ ਕੇ ਖ਼ੁਦ ਤੋਪਾਂ ਅੱਗੇ ਖੜ੍ਹੇ ਹੋ ਕੇ ਸ਼ਹੀਦ ਹੋਣਗੇ।

17 ਜਨਵਰੀ ਨੂੰ ਜਦੋਂ ਸਿੰਘਾਂ 'ਤੇ ਤੋਪਾਂ ਚਲਾਈਆਂ ਜਾ ਰਹੀਆਂ ਸਨ ਤਾਂ ਤੋਪ ਅੱਗੇ ਖੜ੍ਹੇ ਆਪਣੀ ਵਾਰੀ ਦੀ ਉਡੀਕ ਕਰਦੇ 12 ਸਾਲ ਦੇ ਬੱਚੇ ਨੂੰ ਦੇਖ ਕੇ ਕਾਵਨ ਦੀ ਪਤਨੀ ਦਾ ਮਨ ਡੋਲ ਗਿਆ। ਉਸ ਨੇ ਬੱਚੇ 'ਤੇ ਤਰਸ ਕਰ ਕੇ ਕਾਵਨ ਨੂੰ ਕਿਹਾ ਕਿ ਇਸ ਬੱਚੇ ਨੂੰ ਛੱਡ ਦਿੱਤਾ ਜਾਵੇ। ਕਾਵਨ ਨੇ ਪਤਨੀ ਨੂੰ ਕਿਹਾ ਕਿ ਜੇ ਬੱਚਾ ਮੰਨ ਲਵੇ ਕਿ ਉਹ ਰਾਮ ਸਿੰਘ (ਗੁਰੂ ਰਾਮ ਸਿੰਘ) ਦਾ ਸਿੱਖ ਨਹੀਂ ਤਾਂ ਉਹ ਉਸ ਨੂੰ ਛੱਡ ਦੇਵੇਗਾ। ਪਤਨੀ ਨੇ ਉਸ ਬਿਸ਼ਨ ਸਿੰਘ ਨਾਮੀ ਬੱਚੇ ਨੂੰ ਮਨਾ ਲਿਆ। ਬੱਚੇ ਨੇ ਕਿਹਾ ਕਿ ਉਹ ਅੰਗਰੇਜ਼ ਦੇ ਕੰਨ

ਵਿੱਚ ਇਹ ਕਹੇਗਾ। ਕਾਵਨ ਖ਼ੁਸ਼ ਹੋ ਗਿਆ। ਜਦੋਂ ਕਾਵਨ ਨੇ ਬਿਸ਼ਨ ਸਿੰਘ ਦੀ ਗੱਲ ਸੁਣਨ ਲਈ ਝੁਕ ਕੇ ਆਪਣਾ ਕੰਨ ਉਸ ਦੇ ਨੇੜੇ ਕੀਤਾ ਤਾਂ ਬਿਸ਼ਨ ਸਿੰਘ ਕਾਵਨ ਦੀ ਦਾੜ੍ਹੀ ਨੂੰ ਝੱਪਟ ਪਿਆ ਅਤੇ ਗਰਜ ਕੇ ਕਿਹਾ, 'ਬਿੱਲਿਆ, ਮੈਂ ਗੁਰੂ ਰਾਮ ਸਿੰਘ ਦਾ ਸਿੱਖ ਹਾਂ।' ਇੰਨੀ ਦੇਰ ਨੂੰ ਕੋਲ ਖੜ੍ਹੇ ਸਿਪਾਹੀਆਂ ਨੇ ਬਿਸ਼ਨ ਸਿੰਘ ਦੇ ਟੋਟੇ ਟੋਟੇ ਕਰ ਦਿੱਤੇ। ਇਸ ਘਟਨਾ ਸਬੰਧੀ ਕਾਵਨ ਨੇ ਆਪਣੀ ਆਤਮ-ਕਥਾ ਵਿਚ ਲਿਖਿਆ ਹੈ- 'ਉਸ ਦਾ ਹਮਲਾ ਇਵੇਂ ਸੀ ਜਿਵੇਂ ਬਿਜਲੀ ਚਮਕਦੀ ਹੋਵੇ। ਮੇਰੀਆਂ ਅੱਖਾਂ ਅੱਗੇ ਤਾਰੇ ਦਿਸਣ ਲੱਗੇ ਅਤੇ ਮੌਤ ਮੈਨੂੰ ਕਰੀਬ ਖਲੋਤੀ ਦਿਸੀ। ਮੈਂ ਆਪਣਾ ਅੰਤ ਸਮਾਂ ਆਇਆ ਜਾਣ ਯਸ਼ੂ ਮਸੀਹ ਨੂੰ ਯਾਦ ਕੀਤਾ।'

18 ਜਨਵਰੀ ਦੇ ਸਾਕੇ ਵਿੱਚ ਇੱਕ ਸ਼ਹੀਦ ਪਟਿਆਲੇ ਵਾਲੇ ਰਾਜੇ ਦੇ ਪੁਰਖੇ ਪਿੰਡ ਮਹਿਰਾਜ ਦਾ ਵਸਨੀਕ ਸੀ। ਉਸ ਨੂੰ ਛੱਡਣ ਲਈ ਅੰਗਰੇਜ਼ ਕੋਲ ਮਹਾਰਾਜਾ ਪਟਿਆਲਾ ਦੀ ਸਿਫਾਰਸ਼ ਆ ਗਈ। ਜਦੋਂ ਵਰਿਆਮ ਸਿੰਘ ਆਪਣੀ ਵਾਰੀ ਆਉਣ 'ਤੇ ਤੋਪ ਅੱਗੇ ਖਲੋਤਾ ਤਾਂ ਤੋਪਚੀ ਨੇ ਵਰਿਆਮ ਸਿੰਘ ਨੂੰ ਕਿਹਾ, 'ਤੇਰਾ ਕੱਦ ਬਹੁਤ ਛੋਟਾ ਹੈ, ਤੋਪ ਦੇ ਬਰਾਬਰ ਨਹੀਂ ਆਉਂਦਾ। ਤੈਨੂੰ ਮੁਆਫ਼ ਕੀਤਾ ਜਾਂਦਾ ਹੈ।' ਤਾਂ ਵਰਿਆਮ ਸਿੰਘ ਤੁਰੰਤ ਖੇਤ ਵਿੱਚੋਂ ਢੀਮਾਂ ਇਕੱਠੀਆਂ ਕਰ, ਉੱਚਾ ਹੋ ਕੇ ਖੜ੍ਹ ਗਿਆ ਅਤੇ ਤੋਪਚੀ ਨੂੰ ਕਿਹਾ, 'ਚਲਾ ਤੋਪ... ਹੁਣ ਤਾਂ ਮੇਰੀ ਛਾਤੀ ਤੋਪ ਦੇ ਬਰਾਬਰ ਹੈ।' ਤੋਪ ਚੱਲੀ ਅਤੇ ਵਰਿਆਮ ਸਿੰਘ ਅਮਰ ਹੋ ਗਿਆ। ਇਨ੍ਹਾਂ ਸ਼ਹੀਦਾਂ ਪ੍ਰਤੀ ਰਬਿੰਦਰ ਨਾਥ ਟੈਗੋਰ ਨੇ ਲਿਖਿਆ ਹੈ, 'ਵੱਖੀਆਂ ਦੀਆਂ ਪੱਸਲੀਆਂ ਬਾਲ ਕੇ ਕੂਕਿਆਂ ਨੇ ਉਹ ਸ਼ਮ੍ਹਾ ਜਲਾਈ ਜਿਸ ਨਾਲ ਦੇਸ਼ ਨੂੰ ਆਜ਼ਾਦੀ, ਨੂਰੀ ਲੋਅ ਅਤੇ ਰੁਸ਼ਨਾਈ ਪ੍ਰਾਪਤ ਹੋਈ।' ਇਨ੍ਹਾਂ ਸ਼ਹੀਦਾਂ ਦੀ ਯਾਦ ਵਿੱਚ ਮਲੇਰਕੋਟਲਾ ਵਿੱਚ ਯਾਦਗਾਰੀ ਸ਼ਹੀਦੀ ਸਮਾਰਕ ਬਣਿਆ ਹੋਇਆ ਹੈ। 66 ਸਿੰਘਾਂ ਨੂੰ ਸਮਰਪਿਤ, 66 ਮੋਰੀਆਂ ਵਾਲਾ, 66 ਫੁੱਟ ਉੱਚਾ ਖੰਡਾ ਸ਼ਹੀਦਾਂ ਦੀ ਯਾਦ ਦਿਵਾਉਂਦਾ ਹੈ। ਸ਼ਹੀਦਾਂ ਦੀ ਯਾਦ ਵਿਚ ਹਰ ਸਾਲ 17 ਜਨਵਰੀ ਨੂੰ ਸ਼ਹੀਦੀ ਸਮਾਗਮ ਮਨਾਇਆ ਜਾਂਦਾ ਹੈ।

ਸੰਪਰਕ: 98768-50680

## ਆਰਤੀ

ਆਰਤੀ ਅਕੀਦਤ ਦਾ ਚਿੰਨ੍ਹ ਏ,ਸ਼ਰਧਾ ਦਾ ਪ੍ਰਤੀਕ ਏ ਤੇ ਸ਼ਰਧਾ ਕਿਸੇ ਵਿਦਵਤਾ,ਚਤੁਰਾਈ ਤੇ ਕਲਾ ਦਾ ਪ੍ਰਭਾਵ ਨਹੀਂ ਕਬੂਲਦੀ।ਇਹ ਮਾਸੂਮੀਅਤ ਦੀ ਕੁੱਖੋਂ ਜੰਮਦੀ,ਨਿਰਛਲਤਾ ਦੀ ਗੋਦ ਵਿੱਚ ਪਲ਼ਦੀ, ਸਾਦਗੀ ਅਤੇ ਭੋਲੇਪਨ ਦੇ ਸਾਏ ਵਿੱਚ ਵਿਗਸਦੀ, ਪਲ੍ਹਰਦੀ ਏ।

ਅੱਜ ਦੇ ਵਿਗਿਆਨਕ ਯੁਗ ਵਿੱਚ ਸ਼ਰਧਾ ਨੂੰ ਅਨਪੜ੍ਹਤਾ ਅਤੇ ਜਾਹਿਲਪੁਣੇ ਦੀ ਪੈਦਾਇਸ਼ ਵੀ ਆਖਿਆ ਜਾਂਦਾ ਹੈ।ਇਕ ਪੱਪ ਅਤੇ ਇਤਿਹਾਸ ਨਾਲ ਨਿਆਂ ਨਾ ਕਰ ਸਕਣ ਦੀ ਮਜ਼ਬੂਰੀ ਵੀ ਇਹਦੇ ਵਿੱਚ ਦੱਸਦੇ ਹਨ।ਪਰ ਸ਼ਰਧਾ ਕਦੇ ਕਿਸੇ ਆਲੋਚਨਾ ਅਤੇ ਟੀਕਾ ਟਿੱਪਣੀ ਦੀ ਮੁਥਾਜ਼ ਨਹੀਂ ਹੋ ਸਕਦੀ ਆਪਣੇ ਮਹਿਬੂਬ ਦੀ ਆਤਮਾ ਅਤੇ ਸਪਿਰਟ ਨੂੰ ਝੱਲਿਆਂ ਵਾਂਗ ਪਿਆਰ ਕਰਨ ਵਾਲਾ ਪ੍ਰੇਮੀ ਕਦੀਂ ਉਹਦੇ ਲਿਬਾਸ,ਤਨਾਸਬ ਅਤੇ ਦੱਖ-ਰੱਖ ਨੂੰ ਨਹੀਂ ਵੇਖਦਾ।ਆਪਣੇ ਮੁਰਸ਼ਦ ਨੂੰ ਜੂਠੇ ਬੇਰ ਅਤੇ ਅਲੂਣਾ ਸਾਗ ਖੁਆਣ ਵਾਲਾ ਉਪਾਸ਼ਕ ਹੀ ਸ਼ਰਧਾ ਦੀ ਕਸਵੱਟੀ ਉੱਤੇ ਖਰਾ ਉਤਰਦਾ ਹੈ।

# ਦਿੱਲੀ ਵੱਲ ਇਤਿਹਾਸਕ ਕੂਚ 237 ਸਾਲ ਪਿੱਛੋਂ

– ਗੁਰਦੇਵ ਸਿੰਘ ਸਿੱਧੂ

ਸਿੱਖ ਗੁਰੂਆਂ ਵੱਲੋਂ ਹਕੂਮਤੀ ਧੱਕੇ ਅਤੇ ਜ਼ੁਲਮ ਖ਼ਿਲਾਫ਼ ਵਿੱਢੇ ਸੰਘਰਸ਼ ਵਿੱਚ ਪੰਜਾਬੀ ਸਮਾਜ ਦੇ ਜਾਗਦੀ ਜ਼ਮੀਰ ਵਾਲੇ ਇਨਸਾਫ਼ ਪਸੰਦ ਵਿਅਕਤੀਆਂ ਨੇ ਧਰਮ, ਜਾਤ ਆਦਿ ਦੇ ਵਿਤਕਰੇ ਤੋਂ ਉੱਪਰ ਉੱਠ ਕੇ ਉਨ੍ਹਾਂ ਦਾ ਸਾਥ ਦਿੱਤਾ। ਪਿੱਛੋਂ ਬਾਬਾ ਬੰਦਾ ਸਿੰਘ ਬਹਾਦਰ ਅਤੇ ਮਿਸਲਾਂ ਦੇ ਸਮੇਂ ਉਪਰੋਕਤ ਲੱਛਣ ਬਰਕਰਾਰ ਰਿਹਾ।

14 ਜਨਵਰੀ 1764 ਨੂੰ ਜੱਸਾ ਸਿੰਘ ਆਹਲੂਵਾਲੀਆ ਦੀ ਸਰਦਾਰੀ ਹੇਠ ਕੁਝ ਮਿਸਲਾਂ ਵੱਲੋਂ ਸਰਹੰਦ ਨੂੰ ਫਤਿਹ ਕਰ ਲੈਣ ਦੇ ਨਤੀਜੇ ਵਜੋਂ ਦਰਿਆ ਯਮਨਾ ਤੱਕ ਬਹੁਤ ਸਾਰਾ ਇਲਾਕਾ ਸਿੱਖ ਸਰਦਾਰਾਂ ਦੇ ਕਬਜ਼ੇ ਹੇਠ ਆ ਗਿਆ। ਇਸੇ ਸਾਲ ਭਰਤਪੁਰ ਦੇ ਰਾਜਪੂਤ ਰਾਜੇ ਜਵਾਹਰ ਸਿੰਘ ਨੇ ਦਿੱਲੀ ਉੱਤੇ ਹਮਲਾ ਕਰਨ ਵਿੱਚ ਉਸ ਦੀ ਸਹਾਇਤਾ ਲਈ। ਦੋਵਾਂ ਦੇ ਸੈਨਿਕਾਂ ਨੇ ਦਿੱਲੀ ਨੂੰ ਘੇਰੇ ਵਿਚ ਲੈ ਲਿਆ ਪਰ ਅਹਿਮਦ ਸ਼ਾਹ ਦੁਰਾਨੀ ਦੇ ਪੰਜਾਬ ਵੱਲ ਆਉਣ ਬਾਰੇ ਜਾਣ ਕੇ ਜੱਸਾ ਸਿੰਘ ਨੂੰ ਘੇਰਾ ਛੱਡ ਕੇ ਪੰਜਾਬ ਵਾਪਸ ਆਉਣਾ ਪਿਆ। ਦੱਸ ਸਾਲ ਪਿੱਛੋਂ ਕਰੋੜਸਿੰਘੀਆ ਮਿਸਲ ਦਾ ਬਘੇਲ ਸਿੰਘ ਦਿੱਲੀ ਤੋਂ ਖਾਲੀ ਹੱਥ ਨਹੀਂ ਮੁੜਿਆ। ਉਹ 18 ਜਨਵਰੀ 1774 ਨੂੰ ਸ਼ਾਹਦਰਾ ਪਹੁੰਚਿਆ ਤਾਂ ਮੁਗਲ ਬਾਦਸ਼ਾਹ ਨੇ ਸਾਰੇ ਸਿੱਖ ਸਰਦਾਰਾਂ ਨੂੰ ਖਿੱਲਤਾਂ ਪੇਸ਼ ਕੀਤੀਆਂ ਅਤੇ ਬਘੇਲ ਸਿੰਘ ਵੱਲੋਂ ਦੱਸੀਆਂ ਕੁਝ ਸ਼ਰਤਾਂ ਦੀ ਪਾਲਣਾ ਕਰਨਾ ਪ੍ਰਵਾਨ ਕੀਤਾ।

**ਪੰਜਾਬੀਆਂ ਦਾ ਦਿੱਲੀ ਵੱਲ ਫ਼ੈਸਲਾਕੁਨ ਕੂਚ**

ਪੰਜਾਬੀਆਂ ਨੇ ਦਲ ਖਾਲਸਾ ਦੇ ਰੂਪ ਵਿਚ ਦਿੱਲੀ ਵੱਲ ਫ਼ੈਸਲਾਕੁਨ ਕੂਚ ਫਰਵਰੀ 1783 ਵਿੱਚ ਸ਼ੁਰੂ ਕੀਤਾ। ਬਘੇਲ ਸਿੰਘ, ਜੱਸਾ ਸਿੰਘ ਆਹਲੂਵਾਲੀਆ ਆਦਿ ਦੀ ਸਰਪ੍ਰਸਤੀ ਹੇਠ ਪੰਜਾਬੀ ਕਿਸਾਨਾਂ ਨੇ ਸੈਨਿਕ ਬਣ ਕੇ ਗਾਜ਼ੀਆਬਾਦ, ਬੁਲੰਦ ਸ਼ਹਿਰ ਅਤੇ ਖੁਜਰਾ ਉੱਤੇ ਧਾਵਾ ਕੀਤਾ। ਜੱਸਾ ਸਿੰਘ ਰਾਮਗੜ੍ਹੀਆ ਅਤੇ ਹੋਰ ਸਿੱਖ ਸਰਦਾਰ ਵੀ ਬਾਅਦ ਵਿਚ ਉਨ੍ਹਾਂ ਨਾਲ ਜਾ ਮਿਲੇ। ਗਿਆਨੀ ਗਿਆਨ ਸਿੰਘ ਅਨੁਸਾਰ ਜਿੱਤ ਪਿੱਛੋਂ ਇਨ੍ਹਾਂ ਆਗੂਆਂ ਵੱਲੋਂ ਚਾਦਰ ਵਿਛਾ ਕੇ ਹਰ ਸਰਦਾਰ ਨੂੰ ਗੁਰੂ ਦੇ ਨਾਂ ਦਾ ਦਸਵੰਧ ਕੱਢਣ ਦੀ ਅਪੀਲ ਕੀਤੇ ਜਾਣ ਉੱਤੇ ਇਕੱਠਾ ਹੋਇਆ ਇਕ ਲੱਖ ਰੁਪਈਆ ਸ੍ਰੀ ਹਰਿਮੰਦਰ ਸਾਹਿਬ ਲਈ ਭੇਜਿਆ ਗਿਆ। ਅਲੀਗੜ੍ਹ, ਟੂੰਡਲਾ, ਹਾਥਰਸ, ਸ਼ਿਕੋਹਾਬਾਦ ਅਤੇ ਫਰੁਖਾਬਾਦ ਨੂੰ ਜ਼ੇਰ ਕਰਨ ਪਿੱਛੋਂ ਇਸ ਪੰਜਾਬੀ ਦਲ ਖਾਲਸਾ ਨੇ ਮਾਰਚ ਦੇ ਆਰੰਭ ਵਿਚ ਦਿੱਲੀ ਵੱਲ ਮੂੰਹ ਕੀਤਾ।

8 ਮਾਰਚ 1783 ਨੂੰ ਉਨ੍ਹਾਂ ਦਿੱਲੀ ਤੋਂ ਉੱਤਰ ਵੱਲ 10 ਕੁ ਕੋਹ ਉੱਤੇ ਬਰਾਰੀ ਘਾਟ ਤੋਂ ਯਮਨਾ ਦਰਿਆ ਨੂੰ ਪਾਰ ਕਰ ਕੇ ਮਲਿਕਾਗੰਜ ਅਤੇ ਸਬਜ਼ੀ ਮੰਡੀ ਉੱਤੇ ਹਮਲਾਵਰ ਹੋਏ। ਕਿਲ੍ਹਾ ਮਹਿਤਾਬਪੁਰ ਨੇੜੇ ਸ਼ਾਹਜ਼ਾਦਾ ਮਿਰਜ਼ਾ ਸ਼ਕੋਹ ਨੇ ਉਨ੍ਹਾਂ ਨੂੰ ਰੋਕਣ ਦਾ ਯਤਨ ਕੀਤਾ ਪਰ ਅਸਫ਼ਲ ਰਿਹਾ। ਅਗਲੇ ਦਿਨ ਅਜਮੇਰੀ ਦਰਵਾਜ਼ਾ ਅਤੇ ਹੌਜ਼ ਖ਼ਾਸ ਵੀ ਇਨ੍ਹਾਂ ਦੇ ਅਧਿਕਾਰ ਹੇਠ ਆ ਗਿਆ।

11 ਮਾਰਚ ਨੂੰ ਦਲ ਖਾਲਸਾ ਲਾਲ ਕਿਲ੍ਹੇ ਵਿਚ ਦਾਖ਼ਲ ਹੋਇਆ, ਮੁਗਲ ਬਾਦਸ਼ਾਹ ਸ਼ਾਹ ਆਲਮ ਦੂਜਾ ਅਤੇ ਕਿਲ੍ਹੇ ਦੇ ਹੋਰ ਨਿਵਾਸੀ ਉਸ ਦੇ ਅਹਿਲਕਾਰ ਇਧਰ ਉਧਰ ਲੁਕ ਗਏ। ਦਲ ਖਾਲਸਾ ਨੇ ਇਸ ਅਵਸਰ ਨੂੰ (ਨਵਾਬ) ਕਪੂਰ ਸਿੰਘ ਵੱਲੋਂ ਜੱਸਾ ਸਿੰਘ ਆਹਲੂਵਾਲੀਆ ਨੂੰ 'ਸੁਲਤਾਨੁਲ ਕੌਮ' ਸੱਦੇ ਜਾਣ ਨੂੰ ਅਮਲੀ ਰੂਪ ਦੇਣ ਲਈ ਢੁਕਵਾਂ ਸਮਝਦਿਆਂ ਉਸ ਨੂੰ ਤਖਤ ਉੱਤੇ ਬਿਠਾਇਆ ਅਤੇ ਉਸ ਦੇ ਸਿਰ ਉੱਤੇ ਮੋਰ ਪੰਖ ਦਾ ਚੌਰ ਝੁਲਾਇਆ। ਜੱਸਾ ਸਿੰਘ ਰਾਮਗੜ੍ਹੀਆ ਅਤੇ ਕੁਝ ਹੋਰ ਸਰਦਾਰਾਂ ਨੂੰ ਇਹ ਕਾਰਵਾਈ ਨਾ ਭਾਈ ਤਾਂ ਜੱਸਾ ਸਿੰਘ ਆਹਲੂਵਾਲੀਆ ਨੇ ਉਨ੍ਹਾਂ ਦੀਆਂ ਭਾਵਨਾਵਾਂ ਦੀ ਕਦਰ ਕੀਤੀ।

ਮੁਗ਼ਲ ਬਾਦਸ਼ਾਹ ਨੇ ਸਿੱਖਾਂ ਨਾਲ ਸੰਧੀ ਕਰਨ ਵਿਚ ਮੱਦਦ ਕਰਨ ਲਈ ਸਮਰੂ ਬੇਗ਼ਮ, ਜਿਸ ਦੀ ਸਿੱਖ ਸਰਦਾਰਾਂ ਨਾਲ ਨੇੜਤਾ ਬਾਰੇ ਸਾਰੇ ਜਾਣਦੇ ਸਨ, ਨੂੰ ਸੁਨੇਹਾ ਭੇਜਿਆ ਸੀ, ਉਹ 12 ਮਾਰਚ ਨੂੰ ਹੀ ਦਿੱਲੀ ਪਹੁੰਚ ਗਈ। ਉਸ ਦੀ ਵਿਚੋਲਗਿਰੀ ਸਦਕਾ ਮੁਗਲ ਬਾਦਸ਼ਾਹ ਅਤੇ ਸਿੱਖ ਸਰਦਾਰਾਂ ਦਰਮਿਆਨ ਸੰਧੀ ਦੀਆਂ ਸ਼ਰਤਾਂ ਤੈਅ ਹੋਣ ਲੱਗੀਆਂ। ਪੰਜਾਬੀਆਂ ਦੀ ਇੱਕੋ-ਇੱਕ ਸ਼ਰਤ ਦਿੱਲੀ ਵਿੱਚ ਸਿੱਖ ਗੁਰੂ ਸਾਹਿਬਾਨ ਦੇ ਯਾਦਗਾਰੀ ਸਥਾਨਾਂ ਦੀ ਨਿਸ਼ਾਨਦੇਹੀ ਕਰ ਕੇ ਉੱਥੇ ਢੁੱਕਵੀਆਂ ਇਮਾਰਤਾਂ ਦੀ ਉਸਾਰੀ ਕਰਨ ਦੀ ਸੀ। ਮੁਗ਼ਲ ਬਾਦਸ਼ਾਹ ਵੱਲੋਂ ਇਹ ਸ਼ਰਤ ਪ੍ਰਵਾਨ ਕਰ ਲਈ ਗਈ ਅਤੇ ਇਸ ਮਨੋਰਥ, ਸਮੇਤ ਇਸ ਸੇਵਾ ਲਈ ਦਿੱਲੀ ਠਹਿਰਨ ਵਾਲੇ ਪੰਜਾਬੀਆਂ ਦੇ ਖਰਚੇ ਦੀ ਪੂਰਤੀ ਵਾਸਤੇ

ਲੋੜੀਂਦੀ ਧਨ ਰਾਸ਼ੀ ਉਪਲੱਭਧ ਕਰਵਾਉਣ ਲਈ ਦਿੱਲੀ ਸ਼ਹਿਰ ਦੀ ਚੁੰਗੀ ਵਜੋਂ ਉਗਰਾਹੇ ਹਰ ਰੁਪਏ ਵਿੱਚੋਂ ਛੇ ਆਨੇ ਦੇਣਾ ਪ੍ਰਵਾਨ ਕੀਤਾ। ਇਵਜ਼ ਵਿੱਚ ਸਿੱਖ ਸਰਦਾਰਾਂ ਨੇ ਪ੍ਰਵਾਨ ਕੀਤਾ ਕਿ:

ਸਿੱਖ ਸੈਨਿਕਾਂ ਦੀ ਵੱਡੀ ਗਿਣਤੀ ਬਿਨਾਂ ਦੇਰੀ ਪੰਜਾਬ ਵਾਪਸ ਜਾਵੇਗੀ।

ਬਘੇਲ ਸਿੰਘ ਚਾਰ ਹਜ਼ਾਰ ਸੈਨਿਕਾਂ ਸਮੇਤ ਦਿੱਲੀ ਠਹਿਰੇਗਾ ਅਤੇ ਆਪਣਾ ਟਿਕਾਣਾ ਸਬਜ਼ੀ ਮੰਡੀ ਵਿੱਚ ਰੱਖੇਗਾ।

ਗੁਰਦੁਆਰਾ ਇਮਾਰਤਾਂ ਦੀ ਉਸਾਰੀ ਜਿੰਨੀ ਜਲਦੀ ਹੋ ਸਕੇ, ਚਲੰਤ ਸਾਲ ਦੇ ਖਾਤਮੇ ਤੋਂ ਪਹਿਲਾਂ, ਮੁਕੰਮਲ ਕੀਤੀ ਜਾਵੇਗੀ।

ਰਾਜਧਾਨੀ ਵਿਚ ਠਹਿਰ ਦੌਰਾਨ ਸਿੱਖ ਕਿਸੇ ਨਾਲ ਦੁਰ-ਵਿਹਾਰ ਨਹੀਂ ਕਰਨਗੇ।

ਸਮਝੌਤੇ ਅਨੁਸਾਰ ਜੱਸਾ ਸਿੰਘ ਆਹਲੂਵਾਲੀਆ ਅਤੇ ਹੋਰ ਸਿੱਖ ਸਰਦਾਰ ਪੰਜਾਬ ਨੂੰ ਮੁੜ ਗਏ, ਮੁਗਲ ਬਾਦਸ਼ਾਹ ਨੇ ਉਨ੍ਹਾਂ ਦੇ ਹੱਥ ਦਰਬਾਰ ਸਾਹਿਬ ਵਿਚ ਭੇਟ ਕਰਨ ਵਾਸਤੇ ਤਿੰਨ ਲੱਖ ਰੁਪਿਆ ਭੇਜਿਆ।

ਚਾਰ ਹਜ਼ਾਰ ਸਾਥੀਆਂ ਦੇ ਦਲ ਨਾਲ ਦਿੱਲੀ ਰੁਕੇ ਬਘੇਲ ਸਿੰਘ ਨੇ ਆਪਣਾ ਸੇਵਾ ਕਾਰਜ ਤੁਰੰਤ ਸ਼ੁਰੂ ਕਰ ਦਿੱਤਾ। ਉਸ ਨੇ ਦਿੱਲੀ ਵਿਚ ਗੁਰੂ ਸਾਹਿਬਾਨ ਨਾਲ ਸੰਬੰਧਿਤ ਸੱਤ ਇਤਿਹਾਸਕ ਸਥਾਨਾਂ ਦੀ ਨਿਸ਼ਾਨਦੇਹੀ ਕੀਤੀ। ਪਹਿਲਾ ਗੁਰਦੁਆਰਾ ਤੇਲੀਵਾੜਾ ਵਿੱਚ ਬਣਾਇਆ ਜਿੱਥੇ ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ ਰਹਿੰਦੇ ਰਹੇ ਸਨ। ਫਿਰ ਜੈਸਿੰਘਪੁਰਾ ਇਲਾਕੇ ਵਿੱਚ ਜੈਪੁਰ ਦੇ ਰਾਜੇ ਜੈ ਸਿੰਘ ਦੇ ਬੰਗਲੇ, ਜਿੱਥੇ ਦਿੱਲੀ ਠਹਿਰ ਦੌਰਾਨ ਗੁਰੂ ਹਰਿ ਕ੍ਰਿਸ਼ਨ ਜੀ ਨੇ ਨਿਵਾਸ ਕੀਤਾ ਸੀ, ਵਾਲੀ ਥਾਂ ਗੁਰਦੁਆਰਾ ਉਸਾਰਿਆ ਗਿਆ ਜੋ ਹੁਣ ਬੰਗਲਾ ਸਾਹਿਬ ਨਾਂ ਨਾਲ ਪ੍ਰਸਿੱਧ ਹੈ। ਯਮਨਾ ਕਿਨਾਰੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ, ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਦੇਵਾਂ ਜੀ ਦਾ ਸਸਕਾਰ ਕੀਤੇ ਜਾਣ ਵਾਲੇ ਥਾਂ ਉੱਤੇ ਵੀ ਗੁਰਦੁਆਰਾ ਬਣਾਇਆ ਗਿਆ। ਦਿੱਲੀ ਵਿਚ ਦੋ ਸਥਾਨ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਸਨ, ਇੱਕ ਕੋਤਵਾਲੀ ਜਿੱਥੇ ਉਨ੍ਹਾਂ ਨੂੰ ਸ਼ਹੀਦ ਕੀਤਾ ਗਿਆ ਸੀ ਅਤੇ ਦੂਜਾ ਰਕਾਬਗੰਜ ਖੇਤਰ ਵਿੱਚ ਭਾਈ ਲੱਖੀ ਸ਼ਾਹ ਵਣਜਾਰੇ ਦਾ ਘਰ ਜਿੱਥੇ ਗੁਰੂ ਤੇਗ ਬਹਾਦਰ ਜੀ ਦੀ ਦੇਹ ਦਾ ਸਸਕਾਰ ਕੀਤਾ ਗਿਆ ਸੀ। ਮੁਲਾਣਿਆਂ ਨੇ ਇਨ੍ਹਾਂ ਦੋਵਾਂ ਥਾਵਾਂ ਉੱਤੇ ਮਸਜਿਦਾਂ ਉਸਾਰ ਲਈਆਂ ਸਨ ਪਰ ਬਘੇਲ ਸਿੰਘ ਨੇ ਸੂਝ-ਬੂਝ ਨਾਲ ਉਨ੍ਹਾਂ ਦੇ ਇਤਰਾਜ਼ਾਂ ਨੂੰ ਠੰਢਾ ਕੀਤਾ ਅਤੇ ਗੁਰਦੁਆਰਾ ਸਾਹਿਬਾਨ ਦੀ ਇਮਾਰਤ ਮੁਕੰਮਲ ਕਰਵਾਈ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਹਰਿਗੋਬਿੰਦ ਜੀ ਦੀ ਚਰਨ ਛੋਹ ਪ੍ਰਾਪਤ ਮਜਨੂੰ ਦਾ ਟਿੱਲਾ ਅਤੇ ਮੋਤੀ ਬਾਗ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਸਥਾਨ ਉੱਤੇ ਵੀ ਗੁਰਦੁਆਰੇ ਉਸਾਰੇ ਗਏ।

ਬਘੇਲ ਸਿੰਘ ਨੇ ਸੇਵਾ ਦਾ ਕਾਰਜ ਸਾਲ ਮੁੱਕਣ ਤੋਂ ਪਹਿਲਾਂ ਹੀ ਖ਼ਤਮ ਕਰ ਦਿੱਤਾ ਅਤੇ ਪੰਜਾਬ ਵਾਪਸੀ ਦੀ ਤਿਆਰੀ ਕਰ ਲਈ। ਮੁਗਲ ਬਾਦਸ਼ਾਹ ਵੱਲੋਂ ਬਘੇਲ ਸਿੰਘ ਨੂੰ ਮੁਲਾਕਾਤ ਦਾ ਸੱਦਾ ਦਿੱਤਾ ਗਿਆ ਤਾਂ ਸਰਦਾਰ ਨੇ ਮੁਲਾਕਾਤ ਲਈ ਤਿੰਨ ਸ਼ਰਤਾਂ ਰੱਖੀਆਂ: ਉਹ ਸਿੱਖ ਪੰਥ ਵੱਲੋਂ ਕਿਸੇ ਮੁਗਲ ਅੱਗੇ ਨਾ ਝੁਕਣ ਦੇ ਫੈਸਲੇ ਦਾ ਪਾਬੰਦ ਰਹੇਗਾ, ਬਾਦਸ਼ਾਹ ਨਾਲ ਮੁਲਾਕਾਤ ਸਮੇਂ ਦੂਜੇ ਸਿੱਖ ਸਰਦਾਰ ਉਸ ਦੇ ਹਮਰਾਹ ਹੋਣਗੇ ਅਤੇ ਲਾਲ ਕਿਲ੍ਹੇ ਵੱਲ ਆਉਂਦਿਆਂ ਰਾਹ ਵਿਚ ਕਿਸੇ ਨੇ ਉਨ੍ਹਾਂ ਬਾਰੇ ਕੋਈ ਭੱਦੀ ਟਿੱਪਣੀ ਕੀਤੀ ਤਾਂ ਸਹਿਣ ਨਹੀਂ ਹੋਵੇਗਾ। ਬਾਦਸ਼ਾਹ ਨੇ ਤਿੰਨੇ ਸ਼ਰਤਾਂ ਮੰਨ ਲਈਆਂ। ਨਿਸ਼ਚਿਤ ਦਿਨ ਹਾਥੀ ਉੱਤੇ ਬਘੇਲ ਸਿੰਘ ਅਤੇ ਸ਼ਿੰਗਾਰੇ ਘੋੜਿਆਂ ਉੱਤੇ ਸਵਾਰ ਸਿੱਖ ਸਰਦਾਰ ਲਾਲ ਕਿਲ੍ਹੇ ਪੁੱਜੇ ਅਤੇ ਦੀਵਾਨ-ਏ-ਆਮ ਵਿੱਚ ਮੁਗ਼ਲ ਬਾਦਸ਼ਾਹ ਨੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਉਂਦੇ ਸਿੱਖ ਸਰਦਾਰਾਂ ਦਾ ਇਸਤਕਬਾਲ ਕੀਤਾ। ਉਸ ਨੇ ਸਾਰਿਆਂ ਨੂੰ ਬਹੁਮੁੱਲੇ ਤੋਹਫ਼ੇ ਦੇ ਕੇ ਵਿਦਾਅ ਕੀਤਾ।

### 237 ਸਾਲ ਪਿੱਛੋਂ ਪੰਜਾਬੀਆਂ ਦਾ ਦਿੱਲੀ ਕੂਚ

ਹੁਣ ਪੰਜਾਬੀਆਂ ਦੇ ਵਾਰਸ ਮੁੜ ਦਿੱਲੀ ਕੂਚ ਉੱਤੇ ਹਨ ਪਰ ਇਹ ਉਨ੍ਹਾਂ ਵਾਂਗ ਭੋਲੇ ਨਹੀਂ। ਮੁਗ਼ਲ ਬਾਦਸ਼ਾਹ ਨੇ ਦੁਸ਼ਮਣ ਨੂੰ ਰਾਜਧਾਨੀ ਵਿੱਚ ਵੜਨ ਤੋਂ ਰੋਕਣ ਵਾਸਤੇ ਸ਼ਹਿਰ ਦੇ ਆਲੇ ਦੁਆਲੇ ਸੈਨਿਕ ਤੈਨਾਤ ਕਰ ਦਿੱਤੇ ਸਨ, ਪਰ ਲੋਕ ਰਾਜ, ਜਿਸ ਵਿੱਚ ਵੋਟ ਦੀ ਅਹਿਮੀਅਤ ਪੱਖੋਂ ਹਰ ਵੋਟਰ ਨੂੰ ਪ੍ਰਧਾਨ ਮੰਤਰੀ, ਮੁੱਖ ਮੰਤਰੀ ਜਾਂ ਹੋਰ ਵਿਸ਼ੇਸ਼ ਵਿਅਕਤੀ ਦੇ ਬਰਾਬਰ ਮੰਨਿਆ ਜਾਂਦਾ ਹੈ, ਹੁੰਦਿਆਂ ਇਨ੍ਹਾਂ ਵੋਟਰਾਂ ਨੂੰ ਇਨ੍ਹਾਂ ਦੇ ਘਰਾਂ ਦੇ ਬਾਹਰ ਹੀ ਰੋਕਣ ਲਈ ਮੋਰਚੇਬੰਦੀ ਕੀਤੀ ਗਈ, ਪਰ ਇਹ ਜਾਣਦੇ ਹਨ ਕਿ ਅਜੋਕੇ ਯੁੱਗ ਵਿੱਚ ਆਪਣੇ ਹੱਕਾਂ ਦੀ ਪ੍ਰਾਪਤੀ ਵਾਸਤੇ ਸੰਘਰਸ਼ ਲੜਨ ਲਈ ਭਾਵੁਕਤਾ ਤੋਂ ਬਚ ਕੇ ਜੋਸ਼ ਅਤੇ ਹੋਸ਼ ਦੋਵਾਂ ਦੀ ਲੋੜ ਹੈ।

ਤਸੱਲੀ ਵਾਲੀ ਗੱਲ ਕਿ ਇਨ੍ਹਾਂ ਨੇ ਦਿੱਲੀ ਕੂਚ ਦੌਰਾਨ ਦੋਵਾਂ ਦੀ ਸਮਝਦਾਰੀ ਨਾਲ ਵਰਤੋਂ ਕੀਤੀ ਹੈ। ਹਰਿਆਣੇ ਵਿੱਚ ਇਨ੍ਹਾਂ ਦੇ ਦਾਖਲੇ ਨੂੰ ਰੋਕਣ ਵਾਸਤੇ

ਟਰਾਲਿਆਂ ਉੱਤੇ ਲੱਦ ਕੇ ਲਿਆਂਦੇ ਵੱਡੇ ਵੱਡੇ ਪਾਈਪ, ਕ੍ਰੇਨਾਂ ਨਾਲ ਚੁੱਕ ਕੇ ਲਿਆਂਦੇ ਅਤੇ ਸੰਗਲਾਂ ਨਾਲ ਨੂੜ ਕੇ ਦੁੱਗਣੇ-ਤਿੱਗੁਣੇ ਬੋਝ ਦੇ ਬਣਾਏ ਵੱਡੇ-ਵੱਡੇ ਪੱਥਰ, ਬੇ-ਗਿਣਤ ਟਿੱਪਰਾਂ ਨੂੰ ਮੂੰਹੋਂ-ਮੂੰਹ ਭਰ ਕੇ ਸੜਕ ਦੇ ਦਰਮਿਆਨ ਖੜ੍ਹੇ ਕੀਤੇ ਆਰਜ਼ੀ ਟਿੱਲੇ, 'ਗੁਰੂ ਦੇ ਨਾਂ ਉੱਤੇ ਜਿਊਣ' ਵਾਲੇ ਪੰਜਾਬੀਆਂ ਵੱਲੋਂ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਜੈਕਾਰਾ ਗਜਾਉਣ ਸਾਰ ਇਨ੍ਹਾਂ ਦੇ ਜੋਸ਼ ਸਾਹਮਣੇ ਰੂੰ ਦੇ ਫੰਬੇ ਬਣ ਕੇ ਉੱਡ ਗਏ। ਸਿਦਕ ਅਤੇ ਸਿਰੜ ਦੀ ਉਦਾਹਰਣ ਦੇਣ ਲਈ ਅਗਲੀ ਪੀੜ੍ਹੀ ਫਰਿਹਾਦ ਦੇ ਤੇਸੇ ਦੀ ਥਾਂ ਇਨ੍ਹਾਂ ਦਾ ਰਾਹ ਰੋਕਣ ਲਈ ਲਾਏ ਮਿੱਟੀ ਦੇ ਵੱਡੇ-ਵੱਡੇ ਢੇਰਾਂ ਨੂੰ ਨੇਸਤੋ-ਨਾਬੂਦ ਕਰਨ ਲਈ ਇਨ੍ਹਾਂ ਵੱਲੋਂ ਵਰਤੀਆਂ ਝੰਡਿਆਂ ਵਾਲੀਆਂ ਬਾਂਸ ਦੀਆਂ ਸੋਟੀਆਂ ਦਾ ਜ਼ਿਕਰ ਕਰੇਗੀ। ਇਨ੍ਹਾਂ ਨੂੰ ਅੱਗੇ ਵੱਧਣ ਤੋਂ ਰੋਕਣ ਵਾਸਤੇ ਡਾਂਗਾਂ, ਪਾਣੀ ਦੀਆਂ ਬੁਛਾੜਾਂ ਅਤੇ ਹੰਝੂ ਗੈਸ ਦੀ ਵਰਤੋਂ ਕਰਨ ਵਾਲੇ ਹੱਥਾਂ ਉੱਤੇ ਲੰਗਰ ਵਿਚ 'ਪ੍ਰਸ਼ਾਦਾ ਵਾਹਿਗੁਰੂ', 'ਦਾਲਾ ਵਾਹਿਗੁਰੂ' ਕਹਿੰਦਿਆਂ ਪਿਆਰ ਨਾਲ ਭੋਜਨ ਪਰੋਸਣਾ ਸਬੂਤ ਹੈ ਕਿ ਇਹ ਭਾਈ ਘਨੱਈਆ ਦੀ ਵਿਰਾਸਤ ਨੂੰ ਸਾਂਭੀ ਬੈਠੇ ਹਨ।

92 ਸਾਲ ਪਹਿਲਾਂ ਅੰਗਰੇਜ਼ ਹਕੂਮਤ ਵੱਲੋਂ ਅਸੈਂਬਲੀ ਵਿੱਚ ਲੋਕ ਨੁਮਾਇੰਦੇ ਬਣਾ ਕੇ ਬਿਠਾਏ ਵਿਅਕਤੀਆਂ ਦੀ ਗੱਲ ਵੱਲ ਕੰਨ ਨਾ ਧਰਨ ਕਾਰਨ ਭਗਤ ਸਿੰਘ ਅਤੇ ਦੱਤ ਨੇ 'ਬੋਲਿਆਂ ਨੂੰ ਸੁਣਾਉਣ ਲਈ' ਅਸੈਂਬਲੀ ਵਿੱਚ ਬੰਬ ਸੁੱਟਣ ਦਾ ਰਾਹ ਅਪਣਾਇਆ ਸੀ। ਦੋ ਮਹੀਨੇ ਤੋਂ ਵੱਧ ਸਮਾਂ ਕੀਤੀ ਚੀਕ ਪੁਕਾਰ ਨਾ ਸੁਣੇ ਜਾਣ ਤੋਂ ਦੁਖੀ ਪੰਜਾਬੀ ਜਨਸਮੂਹ ਵਰਤਮਾਨ ਹਾਲਾਤ ਨੂੰ ਦੇਖਦਿਆਂ ਹਾਕਮ ਧਿਰ ਨੂੰ ਆਪਣਾ ਦੁੱਖ ਨੇੜਿਓਂ ਸੁਣਾਉਣ ਵਾਸਤੇ ਦਿੱਲੀ ਪੁੱਜਾ ਹੈ। ਲੱਖਾਂ ਵਲੰਟੀਅਰਾਂ ਦੀ ਭਾਗੀਦਾਰੀ ਵਾਲੀ ਲੋਕ ਲਹਿਰ ਨੂੰ ਬੰਧੇਜ਼ ਵਿੱਚ ਰੱਖਣਾ ਇਨ੍ਹਾਂ ਦੇ ਹੋਸ਼ ਵਿੱਚ ਰਹਿ ਕੇ ਵਿਚਰਨ ਦਾ ਅਕੱਟ ਪ੍ਰਮਾਣ ਹੈ। ਇਨ੍ਹਾਂ ਦੀ ਹੋਸ਼ਮੰਦੀ ਕਾਰਨ ਹੀ ਦੇਸ਼ ਭਰ ਦੇ ਕਿਸਾਨ ਭਾਈਚਾਰੇ ਵਿੱਚ ਜਾਗ੍ਰਤੀ ਆਈ ਹੈ। ਛੇਤੀ ਹੀ ਇਸ ਵਰਗ ਦੇ ਹਰ ਵਿਅਕਤੀ ਦੇ ਮੂੰਹ ਉੱਤੇ ਇਹ ਸਵਾਲ ਹੋਵੇਗਾ, ਜੇ ਹੋਰ ਹਰ ਵਸਤ ਦੀ ਕੀਮਤ ਉਸ ਦਾ ਘਾੜਾ ਖੁਦ ਮਿਥਦਾ ਹੈ ਤਾਂ ਕਿਸਾਨ ਨੂੰ ਆਪਣੀ ਉਪਜ ਦਾ ਮੁੱਲ ਮਿਥਣ ਦਾ ਅਧਿਕਾਰ ਕਿਉਂ ਨਹੀਂ? ਸ਼ਾਲਾ! ਇਹ ਹੋਸ਼ ਵਰਤਦਿਆਂ ਪੇਸ਼ਾਵਰ ਰਾਜਨੇਤਾਵਾਂ ਦੇ ਚੁੰਗਲ ਵਿਚ ਫਸਣ ਤੋਂ ਵੀ ਬਚੇ ਰਹਿਣ।

ਸੰਪਰਕ: 94170-49417

## ਇਹ ਕੈਸਾ ਇਤਿਹਾਸ ਹੈ.....

ਇੱਕਵੀਂ ਸਦੀ ਸਿਰਜ ਰਹੀ
ਇਹ ਕੈਸਾ ਇਤਿਹਾਸ ਹੈ।

ਜੋ ਡੁੱਬ ਰਿਹਾ ਉਹ ਮਨੁੱਖ ਹੈ,
ਜੋ ਤਰ ਰਹੀ ਉਹ ਲਾਸ਼ ਹੈ।

ਇਕ ਰੋਜ਼ੀ ਲਈ ਲੜ ਰਹੇ,
ਇਕ ਅਸੂਲਾਂ ਲਈ ਲੜ ਰਹੇ ਨੇ।

ਇਕ ਡੇਗਦੇ ਖੜਿਆਂ ਨੂੰ,
ਇੱਕ ਡਿਗਦਿਆਂ ਨੂੰ ਫੜ ਰਹੇ ਨੇ।

ਕਿਸੇ ਨੂੰ ਝੋਰਾ ਹੈ ਕਿ,
ਉਸਦੇ ਬੱਚੇ ਨੇ ਭੁੱਖੇ ਪਿਆਸੇ।

ਕਿਸੇ ਨੂੰ ਮਾਣ ਹੈ ਕਿ-
ਉਸਦੇ ਬੱਚੇ ਪਿਆਸੇ ਲੜ ਰਹੇ ਨੇ।

**(ਮੋਹਨ ਸਿੰਘ ਗਿੱਲ- ਡੇਹਲੋਂ)**

..........................................

# ਕਿਸਾਨ, ਸਰਕਾਰ, ਸਮੱਸਿਆਵਾਂ ਅਤੇ ਸਮਾਧਾਨ

– ਹਰਪਾਲ ਸਿੰਘ ਸੇਵਕ

ਭਾਰਤ ਦੀ ਕੇਂਦਰ ਸਰਕਾਰ ਵੱਲੋਂ ਕਿਸਾਨੀ ਨਾਲ ਸੰਬੰਧਤ ਬਣੇ ਤਿੰਨ ਨਵੇਂ ਕਾਨੂੰਨਾਂ ਦੇ ਵਿਰੋਧ ਵਿੱਚ ਪਿਛਲੇ ਕਈ ਮਹੀਨਿਆਂ ਤੋਂ ਦੇਸ਼ ਦੇ ਕਈ ਰਾਜਾਂ ਦੇ ਕਿਸਾਨ ਕਾਨੂੰਨਾਂ ਦੇ ਵਿਰੋਧ ਵਿੱਚ ਪ੍ਰਦਰਸ਼ਨ ਕਰ ਰਹੇ ਹਨ। ਦਿੱਲੀ ਦੇ ਦੁਆਲੇ ਮਹੀਨੇ ਭਰ ਤੋਂ ਲੱਖਾਂ ਕਿਸਾਨ ਧਰਨਾ ਲਾਈ ਬੈਠੇ ਹਨ। ਇਸ ਦੌਰਾਨ ਕਈ ਕਿਸਾਨਾਂ ਦੀ ਮੌਤ ਵੀ ਹੋ ਚੁੱਕੀ ਹੈ। ਕੇਂਦਰੀ ਮੰਤਰੀਆਂ ਅਤੇ ਕਿਸਾਨ ਜਥੇਬੰਦੀਆਂ ਦੇ ਮੁੱਖੀਆਂ ਦੀਆਂ ਕਈ ਮੀਟਿੰਗਾਂ ਤੋਂ ਬਾਅਦ ਵੀ ਮਸਲਾ ਸੁਲਝਣ ਦੀ ਜਗ੍ਹਾ ਉਲਝਦਾ ਜਾ ਰਿਹਾ ਹੈ।

- ਇਸ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ ਇਸ ਮਸਲੇ ਨੂੰ ਜੜ੍ਹਾਂ ਤੱਕ ਘੋਖਿਆ ਜਾਵੇ।
- ਕਿਸਾਨਾਂ ਦੀਆਂ ਸਮੱਸਿਆਵਾਂ ਦਾ ਠੋਸ ਅਤੇ ਸਦੀਵੀ ਹੱਲ ਲੱਭਿਆ ਜਾਵੇ।
- ਸਰਕਾਰ ਦੀਆਂ ਕੂਟਨੀਤੀਆਂ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ।
- ਪਹਿਲਾ ਨੁਕਤਾ ਹੈ- ਕਿਸਾਨੀ ਮਸਲੇ ਦੀ ਜੜ੍ਹਾਂ ਤੱਕ ਘੋਖ ਪੜਤਾਲ।

ਦੇਸ਼ ਆਜ਼ਾਦੀ ਤੋਂ ਬਾਅਦ ਸਾਡੇ ਦੇਸ਼ ਦੀ ਆਬਾਦੀ ਜਦੋਂ 25 ਤੋਂ 30 ਕਰੋੜ ਸੀ, ਪਰ ਸਾਡੇ ਦੇਸ਼ ਵਾਸੀਆਂ ਦਾ ਪੇਟ ਭਰਨ ਲਈ ਸਾਡੇ ਕੋਲ ਅਨਾਜ ਦਾ ਲੋੜੀਂਦਾ ਉਤਪਾਦਨ ਨਹੀਂ ਸੀ, ਅਮਰੀਕਾ ਤੋਂ ਕਣਕ ਦਰਾਮਦ ਕੀਤੀ ਜਾਂਦੀ ਸੀ। ਇਵਜ਼ ਵਜੋਂ ਉਹ ਦੇਸ਼ ਸਾਡੇ ਤੋਂ ਈਨ ਵੀ ਮੰਨਵਾਉਣਾ ਚਾਹੁੰਦੇ ਸਨ। ਤਦ ਵਕਤੀ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦਰ ਸ਼ਾਸਤਰੀ ਜੀ ਨੇ 'ਜੈ ਜਵਾਨ, ਜੈ ਕਿਸਾਨ' ਦਾ ਨਾਅ੍ਹਰਾ ਦਿੱਤਾ। ਐਗਰੀਕਲਚਰ ਯੂਨੀਵਰਸਿਟੀਆਂ ਹੋਂਦ ਵਿੱਚ ਆਈਆਂ। ਕਿਸਾਨਾਂ ਨੂੰ ਉਤਸ਼ਾਹਿਤ ਕੀਤਾ ਗਿਆ ਅਤੇ ਸਾਧਨ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ। ਟਿਊਬਵੈੱਲ, ਖਾਦਾਂ ਅਤੇ ਸਪਰੇਆਂ ਦੇ ਸੰਜੋਗ ਨਾਲ ਹਰੀ ਕ੍ਰਾਂਤੀ ਆਈ। ਅੱਜ ਦੇਸ਼ ਦੀ ਆਬਾਦੀ ਉਸ ਸਮੇਂ ਤੋਂ ਚਾਰ ਪੰਜ ਗੁਣਾ ਵੱਧ ਵੀ ਹੈ, ਪਰ ਅਨਾਜ ਦੀ ਪੈਦਾਵਾਰ ਏਨੀ ਹੈ ਕਿ ਸਰਕਾਰ ਤੋਂ ਸੰਭਾਲਿਆ ਨਹੀਂ ਜਾ ਰਿਹਾ।

ਭਾਰਤ ਵਿੱਚ ਹੇਰਾ-ਫੇਰੀ, ਬੇਈਮਾਨੀ, ਰਿਸ਼ਵਤਖੋਰੀ ਏਨੀ ਤੇਜ਼ੀ ਨਾਲ ਵਧੀ ਹੈ ਕਿ ਮਹਿੰਗਾਈ ਵਧਦੀ ਗਈ ਅਤੇ ਵਧਦੀ ਜਾ ਰਹੀ ਹੈ।

ਜਿਸ ਅਨੁਪਾਤ ਨਾਲ ਮਹਿੰਗਾਈ ਵਧੀ ਹੈ, ਜਿਸ ਅਨੁਪਾਤ ਨਾਲ ਕਿਸਾਨੀ ਵਿੱਚ ਵਰਤੀਆਂ ਜਾਣ ਵਾਲੀਆਂ ਖਾਦਾਂ, ਸਪਰ੍ਹੇਆਂ ਅਤੇ ਖੇਤੀ ਨਾਲ ਸਬੰਧਿਤ ਸੰਦਾਂ ਅਤੇ ਮਸ਼ੀਨਾਂ ਦੇ ਮੁੱਲ ਵਧੇ ਹਨ। ਉਸ ਤੋਂ ਚੌਥਾ ਹਿੱਸਾ ਵੀ ਕਿਸਾਨ ਦੀ ਜਿਨਸ (ਫਸਲਾਂ) ਦੇ ਮੁੱਲ ਨਹੀਂ ਵਧੇ। ਇਸ ਕਰਕੇ ਕਿਸਾਨੀ ਘਾਟੇ ਦਾ ਕੰਮ ਹੁੰਦਾ ਜਾ ਰਿਹਾ ਹੈ। ਵਿਸ਼ੇਸ਼ ਕਰਕੇ ਦਰਮਿਆਨੇ ਅਤੇ ਛੋਟੇ ਕਿਸਾਨਾਂ ਦੀ ਹਾਲਤ ਬੜੀ ਤਰਸਯੋਗ ਹੁੰਦੀ ਜਾ ਰਹੀ ਹੈ। ਕਰਜ਼ੇ ਹੇਠ ਦੱਬੇ ਕਿਸਾਨ ਆਤਮ-ਹੱਤਿਆਵਾਂ ਕਰ ਰਹੇ ਹਨ। ਸਰਕਾਰ ਵੱਲੋਂ ਫਸਲ ਦਾ ਘੱਟੋ-ਘੱਟ ਨਿਰਧਾਰਤ ਮੁੱਲ (M.S.P) ਪੰਜਾਬ, ਹਰਿਆਣਾ ਜਾਂ ਇੱਕ ਅੱਧ ਹੋਰ ਸਟੇਟ ਵਿਚ ਹੀ ਲਾਗੂ ਹੈ। ਇਸ ਕਰਕੇ ਹੋਰ ਰਾਜਾਂ ਵਿੱਚ ਕਿਸਾਨਾਂ ਨੂੰ ਜਿਨਸ ਦਾ ਮੁੱਲ ਪੰਜਾਬ, ਹਰਿਆਣੇ ਨਾਲੋਂ ਅੱਧਾ ਵੀ ਨਹੀਂ ਮਿਲਦਾ। ਜਿਸ ਕਰਕੇ ਉਥੋਂ ਦੇ ਕਿਸਾਨ ਅੱਤ ਦੀ ਗਰੀਬੀ ਵਿੱਚ ਜੀਵਨ ਬਤੀਤ ਕਰ ਰਹੇ ਹਨ।

- ਇਸ ਤੋਂ ਬਿਨਾਂ ਕੈਮੀਕਲ ਫਰਟੀਲਾਈਜ਼ਰ ਅਤੇ ਪੈਸਟੀਸਾਈਡਜ਼ ਦੀ ਜ਼ਿਆਦਾ ਵਰਤੋਂ ਕਰਨ ਕਰਕੇ ਪਦਾਰਥ ਜ਼ਹਿਰੀਲੇ ਹੋ ਰਹੇ ਹਨ, ਜਿਸ ਕਰਕੇ ਬਿਮਾਰੀਆਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।
- ਜਮੀਨ ਦੀ ਉਪਜਾਊ ਸ਼ਕਤੀ ਘੱਟ ਰਹੀ ਹੈ। ਜਮੀਨ ਇੱਕ ਨਸ਼ੇੜੀ ਵਿਅਕਤੀ ਵਾਂਗ ਕੇਵਲ ਖਾਦਾਂ, ਸਪਰੇਆਂ ਤੇ ਨਿਰਭਰ ਹੁੰਦੀ ਜਾ ਰਹੀ ਹੈ।
- ਫਸਲਾਂ ਵਿੱਚ ਵੰਨ-ਸੁਵੰਨਤਾ ਦੀ ਜਗ੍ਹਾ ਦੋ ਫ਼ਸਲੀ ਚੱਕਰ ਝੋਨਾ (ਧਾਨ) ਅਤੇ ਕਣਕ ਕਰਕੇ ਜ਼ਮੀਨ ਵਿਚਲੇ ਪਾਣੀ ਦਾ ਲੈਵਲ ਬਹੁਤ ਤੇਜ਼ੀ ਨਾਲ ਨੀਵਾਂ ਹੁੰਦਾ ਜਾ ਰਿਹਾ ਹੈ। ਜਿਸ ਤੇਜ਼ੀ ਨਾਲ ਪਿਛਲੇ ਚਾਲੀ ਸਾਲ 'ਚ ਵਾਟਰ ਲੈਵਲ ਨੀਵਾਂ ਗਿਆ ਹੈ, ਉਸ ਸਪੀਡ ਨਾਲ ਅਗਲੇ ਚਾਲੀ ਸਾਲਾਂ ਤੱਕ ਪਾਣੀ ਦੀ ਸਮੱਸਿਆ ਬਹੁਤ ਗੰਭੀਰ ਬਣ ਜਾਵੇਗੀ।
- ਕਿਸਾਨੀ ਕਿੱਤਾ ਲਾਹੇਵੰਦ ਨਾ ਰਹਿਣ ਕਾਰਨ ਨਵੀਂ

ਪੀੜ੍ਹੀ, ਕਿਸਾਨੀ ਛੱਡ ਕੇ, ਨੌਕਰੀਆਂ ਲੱਭਣੀਆਂ, ਸ਼ਹਿਰਾਂ ਵੱਲ ਜਾਂ ਵਿਦੇਸ਼ਾਂ ਵਿੱਚ ਜਾਣਾ ਜਾਂ ਹੋਰ ਕੰਮ ਲੱਭ ਰਹੇ ਹਨ।

- ਨਵੀਂ ਪੀੜ੍ਹੀ ਦਾ ਕਿਸਾਨੀ ਕਿੱਤਾ ਛੱਡਣ ਦੀ ਸਮੱਸਿਆ ਕੇਵਲ ਭਾਰਤ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਇਹ ਸਮੱਸਿਆ ਵੇਖਣ ਨੂੰ ਮਿਲਦੀ ਹੈ ਪਰ ਉਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਸੁਚੇਤ ਹਨ। ਉਹ ਕਿਸਾਨਾਂ ਨੂੰ ਸਹੂਲਤਾਂ ਅਤੇ ਖੇਤੀ ਸੁਰੱਖਿਆ ਦਿੰਦੀਆਂ ਹਨ ਅਤੇ ਨੌਜਵਾਨਾਂ ਨੂੰ ਖੇਤੀ ਕਿੱਤੇ ਵੱਲ ਪ੍ਰੇਰਦੀਆਂ ਹਨ।

- ਉਨ੍ਹਾਂ ਦੇਸ਼ਾਂ ਦੇ ਕਿਸਾਨਾਂ ਪਾਸ ਸੈਂਕੜੇ ਤੋਂ ਹਜ਼ਾਰਾਂ ਏਕੜ ਦੇ ਫਾਰਮ ਹਨ, ਪਰ ਸਾਡੇ ਦੇਸ਼ ਭਾਰਤ ਵਿੱਚ ਜ਼ਿਆਦਾ ਛੋਟੇ ਅਤੇ ਦਰਮਿਆਨੇ ਕਿਸਾਨ ਹਨ, ਜਿਨ੍ਹਾਂ 'ਚੋਂ ਕਈਆਂ ਪਾਸ ਕੇਵਲ ਦੋ ਚਾਰ ਜਾਂ ਪੰਜ ਏਕੜ ਤੱਕ ਹੀ ਜਮੀਨ ਹੈ। ਉਨ੍ਹਾਂ ਪਾਸ ਖੇਤੀ ਕਰਨ ਲਈ ਨਾ ਆਧੁਨਿਕ ਸਾਧਨ ਹਨ ਅਤੇ ਨਾ ਹੀ ਨਵੀਆਂ ਤਕਨੀਕਾਂ ਤੋਂ ਉਹ ਜਾਣੂ ਹਨ।

- ਕਿਸਾਨਾਂ ਦੀ ਮੰਦਹਾਲੀ ਦਾ ਇੱਕ ਕਾਰਨ ਇਹ ਵੀ ਹੈ ਕਿ ਸਾਡੀਆਂ ਸਰਕਾਰਾਂ ਨਾ ਹੀ ਕਿਸਾਨਾਂ ਵਾਸਤੇ ਕੋਈ ਚੰਗਾ ਕਰਦੀਆਂ ਹਨ ਨਾ ਹੀ ਕਰਨਗੀਆਂ ਕਿਉਂਕਿ ਸਾਡੀਆਂ ਸਰਕਾਰਾਂ ਨੂੰ ਇਲੈਕਸ਼ਨਾਂ ਤੋਂ ਹੀ ਵੇਹਲ ਨਹੀਂ ਮਿਲਦਾ, ਭਾਰਤ ਵਿੱਚ ਸਫਲ ਨੇਤਾ ਉਹੀ ਹੈ ਜਿਸਨੂੰ ਵੋਟਰਾਂ ਨੂੰ ਭਰਮਾਉਣ ਦੇ ਗੁਰ ਆਉਂਦੇ ਹਨ। ਸਾਡੀਆਂ ਸਰਕਾਰਾਂ ਕਾਰਪੋਰੇਟ ਘਰਾਣਿਆਂ, ਵਪਾਰੀਆਂ ਅਤੇ ਵੱਡੇ ਉਦਯੋਗ-ਪਤੀਆਂ ਦੇ ਹੱਥਾਂ ਦੀਆਂ ਕਠਪੁਤਲੀਆਂ ਹਨ ਜੋ ਆਮ ਲੋਕਾਂ ਦਾ ਸ਼ੋਸ਼ਣ ਕਰਦੇ ਹਨ ਅਤੇ ਸਰਕਾਰਾਂ ਨੂੰ ਮੋਟੇ ਚੋਣ ਫੰਡ ਦਿੰਦੇ ਹਨ।

ਵਿਸ਼ਾਲ ਭਾਰਤ ਦੇਸ਼ ਵਿੱਚ ਵੱਖੋ ਵੱਖ ਜਲਵਾਯੂ, ਜ਼ਮੀਨ ਦੀ ਕਿਸਮ ਅਤੇ ਵੱਖੋ-ਵੱਖ ਪੈਦਾਵਾਰ ਹੁੰਦੀ ਹੈ ਇਸ ਲਈ ਹਰ ਸਟੇਟ ਦੇ ਕਿਸਾਨਾਂ ਦੀਆਂ ਸਮੱਸਿਆਵਾਂ ਵੱਖੋ-ਵੱਖ ਹੋ ਸਕਦੀਆਂ ਹਨ। ਇਸੇ ਕਾਰਨ ਹੀ ਖੇਤੀ ਨਾਲ ਸਬੰਧਿਤ ਕਾਨੂੰਨ ਬਣਾਉਣੇ ਰਾਜ ਸਰਕਾਰਾਂ ਦੇ ਅਧਿਕਾਰ ਖੇਤਰ 'ਚ ਰੱਖੇ ਗਏ ਸਨ। ਪਰ ਹੁਣ ਜਦੋਂ ਕੇਂਦਰ ਸਰਕਾਰ ਇੱਕ-ਇੱਕ ਕਰਕੇ ਰਾਜਾਂ ਦੇ ਅਧਿਕਾਰ ਵੀ ਆਪਣੇ ਹੱਥ ਵਿੱਚ ਲੈ ਰਹੀ ਹੈ ਅਤੇ ਸੰਘੀ ਰਾਜ ਪ੍ਰਬੰਧ (Federal) ਖਤਮ ਕਰ ਰਹੀ ਹੈ। ਸਾਰੇ ਦੇਸ਼ ਦੇ ਕਿਸਾਨਾਂ ਲਈ ਇੱਕੋ ਕਾਨੂੰਨ ਲੋਕਾਂ ਤੇ ਥੋਪ ਰਹੀ ਹੈ ਤਾਂ ਹੋਰ ਸਮੱਸਿਆਵਾਂ ਪੈਦਾ ਹੋਣਗੀਆਂ।

ਕੇਂਦਰ ਸਰਕਾਰ ਵੱਲੋਂ ਖੇਤੀ ਨਾਲ ਸਬੰਧਿਤ ਨਵੇਂ ਬਣੇ ਕਾਨੂੰਨਾਂ ਦੇ ਲਾਗੂ ਹੋਣ ਨਾਲ ਕਿਸਾਨ ਮੁੜ ਤੋਂ ਮੁਜ਼ਾਰਿਆਂ ਵਰਗੀ ਸਥਿਤੀ ਵਿੱਚ ਆ ਜਾਣਗੇ ਅਤੇ ਕਾਰਪੋਰੇਟ ਘਰਾਣੇ ਵੱਡੇ ਜਗੀਰਦਾਰ ਬਣ ਜਾਣਗੇ। ਕਿਸਾਨਾਂ ਤੋਂ ਜਿਨਸ ਖਰੀਦਣ ਵੇਲੇ ਕੁਆਲਿਟੀ ਗਰੇਡ ਦੇ ਬਹਾਨੇ ਬਣਾ ਕੇ ਘੱਟ ਤੋਂ ਘੱਟ ਕੀਮਤ ਤੇ ਖਰੀਦਣਗੇ ਅਤੇ ਪ੍ਰੋਸੈੱਸ ਕਰਕੇ, ਪੈਕਿੰਗ ਕਰਕੇ ਵੱਧ ਤੋਂ ਵੱਧ ਮੁੱਲ ਤੇ ਵੇਚਣਗੇ। ਕਿਸਾਨਾਂ ਦਾ ਅਤੇ ਆਮ ਨਾਗਰਿਕ ਦਾ ਸ਼ੋਸ਼ਣ ਹੋਵੇਗਾ। ਜਿਸ ਮੱਕੜ ਜਾਲ ਵਿੱਚੋਂ ਨਿਕਲਣਾ ਸਭ ਵਾਸਤੇ ਮੁਸ਼ਕਲ ਹੋ ਜਾਵੇਗਾ। ਅਮੀਰ ਅਤੇ ਗਰੀਬ ਵਿੱਚ ਪਾੜਾ ਹੋਰ ਵਧ ਜਾਵੇਗਾ ਅਤੇ ਸਿੱਟੇ ਵਜੋਂ ਲੁੱਟਾਂ, ਖੋਹਾਂ ਵਧਣਗੀਆਂ, ਕਰਾਈਮ ਵਧਣਗੇ ਅਤੇ ਦੇਸ਼ ਦੀ ਅੰਦਰੂਨੀ ਸਥਿਤੀ ਡਾਵਾਂ-ਡੋਲ ਹੋ ਜਾਵੇਗੀ।

ਵੱਖੋ-ਵੱਖ ਰਾਜਾਂ ਦੇ ਕਿਸਾਨਾਂ ਦੀਆਂ ਹੋਰ ਵੀ ਕਈ ਸਮੱਸਿਆਵਾਂ ਹੋਣਗੀਆਂ ਜਿਨ੍ਹਾਂ ਦੇ ਸਮਾਧਾਨ ਲਈ ਰਾਜ ਪੱਧਰ ਤੇ ਅਤੇ ਰਾਸ਼ਟਰੀ ਪੱਧਰ ਤੇ ਕਈ ਕਿਸਾਨ ਜਥੇਬੰਦੀਆਂ ਜਾਂ ਕਿਸਾਨ ਸੰਘਰਸ਼ ਕਮੇਟੀਆਂ ਹਨ ਜੋ ਕਿਸਾਨਾਂ ਦੇ ਹੱਕਾਂ ਲਈ ਜੱਦੋ-ਜਹਿਦ ਕਰਦੀਆਂ ਰਹਿੰਦੀਆਂ ਹਨ।

ਸਰਕਾਰ ਬਾਰੇ ਤਾਂ ਏਨਾ ਹੀ ਕਿਹਾ ਜਾ ਸਕਦਾ ਹੈ ਕਿ ਸਾਡੇ ਦੇਸ਼ ਭਾਰਤ ਵਿੱਚ ਸਰਕਾਰ ਲੋਕਾਂ ਲਈ ਸਹੂਲਤ ਨਹੀਂ, ਇੱਕ ਸਮੱਸਿਆ ਹੈ। ਸਰਕਾਰ ਦਾ ਮੁੱਖ ਉਦੇਸ਼ ਆਪਣਾ ਵੋਟ ਬੈਂਕ ਮਜ਼ਬੂਤ ਕਰਨਾ ਹੁੰਦਾ ਹੈ ਭਾਵੇਂ ਉਹਦੇ ਲਈ ਲੋਕਾਂ ਨੂੰ ਜਾਤੀ ਦੇ ਨਾਂ ਤੇ ਜਾਂ ਧਰਮ ਦੇ ਨਾਂ ਤੇ ਭੜਕਾਉਣਾ ਪਏ ਅਤੇ ਭਾਵੇਂ ਗੁਆਂਢੀ ਦੇਸ਼ ਨਾਲ ਸਰਹੱਦ ਤੇ ਰੌਲਾ ਰੱਪਾ ਪਾ ਕੇ ਲੋਕਾਂ ਦੀ ਹਮਦਰਦੀ ਲੈਣੀ ਪਵੇ।

ਜਿਨ੍ਹਾਂ ਰਾਜਾਂ ਵਿੱਚ ਐਮ.ਐਸ.ਪੀ (M.S.P) ਲਾਗੂ ਨਹੀਂ ਉੱਥੇ ਕਿਸਾਨ ਨੂੰ ਕਣਕ, ਝੋਨੇ ਦੀ ਕੀਮਤ ਪੰਜਾਬ, ਹਰਿਆਣੇ ਨਾਲੋਂ ਕਰੀਬ ਅੱਧੀ ਮਿਲਦੀ ਹੈ ਅਤੇ ਸਰਕਾਰ ਕਿਸਾਨਾਂ ਦਾ ਸ਼ੋਸ਼ਣ ਵੀ ਕਰਦੀ ਹੈ ਅਤੇ ਨਗਦ ਵੋਟਾਂ ਵੀ ਖਰੀਦਦੀ ਹੈ। ਮੰਨ ਲਉ ਇੱਕ ਛੋਟੇ ਕਿਸਾਨ ਦੀ ਜਿਨਸ, ਝੋਨੇ ਜਾਂ ਕਣਕ ਦਾ ਉਸ ਨੂੰ ਇੱਕ ਲੱਖ ਮਿਲਨਾ ਸੀ ਜੋ ਅੱਧੀ ਕੀਮਤ ਤੇ ਕੇਵਲ ਪੰਜਾਹ ਹਜ਼ਾਰ ਮਿਲਿਆ ਅਤੇ ਸਰਕਾਰ ਨੇ ਪ੍ਰਤੀ ਕਿਸਾਨ ਛੇ ਹਜ਼ਾਰ ਸਾਲ ਦਾ ਉਸਨੂੰ ਦੇ ਕੇ ਇੱਕ ਕਿਸਾਨ ਦੇ ਪਰਿਵਾਰ ਦੀਆਂ ਸਾਰੀਆਂ ਵੋਟਾਂ ਆਪਣੇ ਹੱਕ ਵਿੱਚ ਪੱਕੀਆਂ ਕਰ ਲਈਆਂ। ਸਰਕਾਰ ਦੀ ਇਹੋ ਨੀਤੀ ਹੈ ਕਿ ਕਿਸਾਨ ਨੂੰ ਜਿਨਸ ਦਾ ਪੂਰਾ ਮੁੱਲ ਨਾ ਮਿਲੇ ਮਜ਼ਦੂਰ ਨੂੰ ਪੂਰੀ ਮਜ਼ਦੂਰੀ ਨਾ ਮਿਲੇ, ਉਹ ਹੈਂਡ ਟੂ ਮਾਊਥ ਰਹਿਣ ਅਤੇ ਮੰਗਤੇ ਬਣੇ ਰਹਿਣ ਤਾਂ ਕਿ ਅਸੀਂ ਵੋਟਾਂ ਖ਼ਰੀਦ ਸਕੀਏ।

ਅਜੇਹੀਆਂ ਅਨੇਕਾਂ ਸਮੱਸਿਆਵਾਂ ਦਾ ਹੱਲ ਏਨਾ ਸੌਖਾ ਨਹੀਂ ਕਿ ਸਰਕਾਰ ਨਵੇਂ ਬਣਾਏ ਤਿੰਨੇ ਖੇਤੀ ਕਾਨੂੰਨ ਵਾਪਸ ਲੈ ਲਵੇ ਤਾਂ ਸਾਰੇ ਮਸਲੇ ਹੱਲ ਹੋ ਜਾਣਗੇ। ਇਸ ਲਈ ਭਾਰਤੀ ਕਿਸਾਨੀ ਦੀ ਉਲਝੀ ਤਾਣੀ ਨੂੰ ਸੁਲਝਾਉਣ ਲਈ ਸੂਝ-ਬੂਝ, ਸੁਹਿਰਦਤਾ ਅਤੇ ਸਾਂਝੇ ਯਤਨਾਂ ਦੀ ਲੋੜ ਹੈ।

ਸਾਰੇ ਦੇਸ਼ ਦੀਆਂ ਕਿਸਾਨ ਜਥੇਬੰਦੀਆਂ ਨੂੰ ਇੱਕ ਮੰਚ ਤੇ ਇਕੱਠੇ ਹੋ ਕੇ ਗੰਭੀਰ ਮੰਥਨ ਦੀ ਲੋੜ ਹੈ। ਇਤਿਹਾਸ ਵਿੱਚੋਂ, ਆਪਣੇ ਚੁਫ਼ੇਰੇ ਵਿੱਚੋਂ ਅਤੇ ਹੋਰ ਦੇਸ਼ਾਂ ਦੇ ਕਿਸਾਨਾਂ ਦੇ ਢੰਗ ਤਰੀਕਿਆਂ ਤੋਂ ਮਾਰਗ ਦਰਸ਼ਨ ਲੈ ਕੇ, ਵਰਤਮਾਨ ਪ੍ਰਸਥਿਤੀਆਂ ਅਨੁਸਾਰ ਭਵਿੱਖ ਦੀ ਰੂਪ-ਰੇਖਾ ਉਲੀਕਣੀ ਪਵੇਗੀ, ਵੱਡੇ ਪੱਧਰ ਤੇ ਸਾਰਥਕ ਯਤਨ ਕਰਨੇ ਪੈਣਗੇ, ਜੇ ਦੇਸ਼ ਦੇ ਕਿਸਾਨਾਂ ਦੀ ਹਾਲਤ ਸੁਧਾਰਨੀ ਹੈ ਤਾਂ ਕੇਵਲ ਨਾਹਰੇ ਲਾ ਕੇ, ਧਰਨੇ ਦੇ ਕੇ ਜਾਂ ਭੁੱਖ-ਹੜਤਾਲਾਂ ਕਰਕੇ ਮਸਲੇ ਹੱਲ ਨਹੀਂ ਹੋਣਗੇ।

ਜੇ ਅਸੀਂ ਪੰਜਾਬ, ਹਰਿਆਣੇ ਦੇ ਕਿਸਾਨਾਂ ਦੀ ਹੀ ਗੱਲ ਕਰੀਏ ਤਾਂ ਜਦੋਂ ਤੱਕ ਅਜੇ ਐਮ.ਐਸ.ਪੀ ਲਾਗੂ ਵੀ ਹੈ, ਕਿੰਨੇ ਵਰ੍ਹਿਆਂ ਤੋਂ ਗਰੀਬੀ ਅਤੇ ਕਰਜ਼ੇ ਦੇ ਭਾਰ ਹੇਠ ਕਿਸਾਨ ਆਤਮ-ਹੱਤਿਆਵਾਂ ਕਰ ਰਹੇ ਹਨ।

ਕੁਝ ਕੁ ਮੁੱਢਲੇ ਨੁਕਤੇ ਪਾਠਕਾਂ ਦੇ ਦ੍ਰਿਸ਼ਟੀਗੋਚਰ ਹਨ ਜਿਨ੍ਹਾਂ ਤੇ ਅਮਲ ਕਰਕੇ ਕਿਸਾਨੀ ਪੈਰਾਂ ਸਿਰ ਹੋ ਸਕਦੀ ਹੈ:

- ਪਹਿਲੀ ਗੱਲ, ਮੰਨ ਕੇ ਚੱਲਣਾ ਪਵੇਗਾ ਕਿ ਗਰੀਬਾਂ, ਕਿਸਾਨਾਂ ਅਤੇ ਮਜ਼ਦੂਰਾਂ ਨੂੰ ਆਪਣੇ ਵਾਸਤੇ ਆਪ ਯਤਨ ਕਰਨੇ ਪੈਣਗੇ।
- ਕਿਸਾਨਾਂ ਅਤੇ ਮਜ਼ਦੂਰਾਂ ਨੂੰ ਇੱਕ ਦੂਸਰੇ ਦੀ ਮੱਦਦ ਕਰਨੀ ਪਵੇਗੀ ਅਤੇ ਇੱਕ ਮੰਚ ਤੇ ਇਕੱਠੇ ਹੋਣਾ ਪਵੇਗਾ। ਇਕੱਠੀਆਂ ਹੋਣ ਲਈ ਸਿਆਸੀ ਚਿੰਨ੍ਹ ਗਲੋਂ ਲਾਹ ਕੇ ਸੁੱਟਣੇ ਪੈਣਗੇ।
- ਕਿਰਤੀਆਂ ਨੂੰ ਵਿਗਿਆਨਕ ਕਿਰਤੀ ਬਣਨ ਦੀ ਲੋੜ ਹੈ ਕਿਉਂਕਿ ਵਰਤਮਾਨ ਯੁੱਗ ਵਿਗਿਆਨਕ ਕਿਰਤੀ ਦਾ ਯੁੱਗ ਹੈ।
- ਕਿਸਾਨ ਦੀ ਜਿਨਸ ਦਾ ਮੁੱਲ ਸਰਕਾਰ ਜਾਂ ਵਪਾਰੀ ਨਹੀਂ ਕਿਸਾਨ ਆਪ ਤੈਅ ਕਰਨ। ਜਿਨਸ ਦਾ ਮੁੱਲ ਉਸਦੀ ਲਾਗਤ+ਮਿਹਨਤ+ਲਾਭ ਅਨੁਸਾਰ ਕਿਸਾਨ ਜਥੇਬੰਦੀਆਂ ਨਿਰਧਾਰਤ ਕਰਨ।
- ਕਾਰਪੋਰੇਟ ਘਰਾਣਿਆਂ ਦੀ ਲੁੱਟ ਤੋਂ ਬਚਣ ਲਈ ਕੋ-ਆਪ੍ਰੇਟਿਵ ਸੁਸਾਇਟੀਆਂ ਹੋਂਦ ਵਿੱਚ ਆਉਣ।
- ਕਿਸਾਨ ਆਪਣੀ ਪੈਦਾਵਾਰ ਦਾ ਵਪਾਰੀ ਆਪ ਬਣੇ। ਉਹ ਕਣਕ ਨਾ ਵੇਚੇ, ਆਟਾ ਵੇਚੇ, ਉਹ ਧਾਨ ਨਾ ਵੇਚੇ, ਚੌਲ ਵੇਚੇ। ਆਪਣੇ ਚੁਫੇਰੇ ਵਿੱਚ ਜਿਨ੍ਹਾਂ ਚੀਜ਼ਾਂ ਦੀ ਲੋੜ ਹੈ ਉਹ ਪੈਦਾ ਕਰੇ।
- ਪਿੰਡਾਂ ਨੂੰ ਆਤਮ-ਨਿਰਭਰ ਬਣਾਇਆ ਜਾਵੇ ਜਿਵੇਂ ਅੱਜ ਤੋਂ 100 ਸਾਲ ਪਹਿਲੋਂ ਸਨ। ਪਿੰਡ ਵਿੱਚ ਵਰਤੀਆਂ ਜਾਣ ਵਾਲੀਆਂ ਬਹੁਤੀਆਂ ਚੀਜ਼ਾਂ ਪਿੰਡ ਵਿੱਚ ਹੀ ਪੈਦਾ ਹੁੰਦੀਆਂ ਸਨ।
- ਨਾ ਫੈਸ਼ਨੇਬਲ ਬਣੋ ਅਤੇ ਨਾ ਹੀ ਬਰੈਂਡਿਡ ਚੀਜ਼ਾਂ ਦੇ ਦੀਵਾਨੇ ਬਣੋ।
- ਪੂਰਾ ਕਿਸਾਨ ਭਾਈਚਾਰਾ, ਇੱਕ ਪਰਿਵਾਰ ਵਾਂਗ ਇਕ ਦੂਸਰੇ ਦਾ ਸਹਿਯੋਗੀ ਬਣੇ। ਪਿੰਡਾਂ ਵਿਚ ਪੰਜ ਸੱਤ ਜਾਂ ਦੱਸ ਏਕੜ ਤੱਕ ਦੇ ਕਿਸਾਨ ਵੀ ਸਾਂਝੀ ਖੇਤੀ ਕਰਨ ਭਾਵ ਟਰੈਕਟਰ ਅਤੇ ਹੋਰ ਲੋੜੀਂਦੇ ਸੰਦ ਸਾਂਝੇ ਹੋਣ।
- ਉਪਰੋਕਤ ਵਰਨਣ ਕੀਤੇ ਅਤੇ ਹੋਰ ਵੀ ਅਨੇਕਾਂ ਸਾਂਝੇ ਅਤੇ ਵੱਡੇ ਕਾਰਜ ਪੰਦਰਾਂ, ਵੀਹ ਕਿਸਾਨਾਂ ਦੇ ਜਾਂ ਇਕ ਪਿੰਡ ਦੇ ਕਿਸਾਨਾਂ ਵਾਸਤੇ ਵੀ ਕਰਨੇ ਮੁਸ਼ਕਲ ਹੋਣਗੇ। ਇਹ ਤਦ ਹੀ ਸੰਭਵ ਹੋਵੇਗਾ ਜੇ ਕਿਸਾਨ ਜਥੇਬੰਦੀਆਂ ਸਾਮੂਹਿਕ ਯਤਨ ਕਰਕੇ ਸਹਿਕਾਰੀ ਸੰਮਤੀਆਂ ਬਣਾਉਣ ਜਿਨ੍ਹਾਂ ਵਿੱਚ ਕਿਸਾਨਾਂ ਦੇ ਪੜ੍ਹੇ-ਲਿਖੇ ਨੌਜਵਾਨਾਂ ਨੂੰ ਰੁਜ਼ਗਾਰ ਵੀ ਮਿਲੇਗਾ ਅਤੇ ਕਿਸਾਨ ਨੂੰ ਆਪਣੀ ਪੈਦਾਵਾਰ ਦੀ ਪੂਰੀ ਕੀਮਤ ਵੀ ਮਿਲੇਗੀ।
- ਇਸ ਦੀ ਇੱਕ ਬਹੁਤ ਹੀ ਸ਼ਾਨਦਾਰ ਮਿਸਾਲ ਹੈ, 'ਅਮੁੱਲ, ਸਹਿਕਾਰੀ ਕੰਪਨੀ ਦਾ ਸੰਸਥਾਪਕ ਵਰਗੀਜ਼ ਕੁਰੀਅਨ, ਜਿਸ ਨੂੰ 'ਸਫੈਦ ਕ੍ਰਾਂਤੀ ਦਾ ਪਿਤਾਮਾ, ਅਤੇ 'ਮਿਲਕਮੈਨ ਆਫ਼ ਇੰਡੀਆ, ਕਰਕੇ ਵੀ ਯਾਦ ਕੀਤਾ ਜਾਂਦਾ ਹੈ, ਜਿਸ ਨੇ ਗੁਜਰਾਤ ਵਿੱਚ 1945-46 ਵਿੱਚ 'ਅਮੁੱਲ ਇੰਡੀਆ' ਦੀ ਸ਼ੁਰੂਆਤ ਕੀਤੀ। ਉਸ ਨੇ ਲੋਕਾਂ ਨੂੰ ਕਿਹਾ ਕਿ ਤੁਸੀਂ ਪਸ਼ੂ ਪਾਲਦੇ ਹੋ, ਦੁੱਧ ਪੈਦਾ ਕਰਦੇ ਹੋ, ਪਰ ਅੰਗਰੇਜ਼ ਵਪਾਰੀ ਤੁਹਾਡੇ ਤੋਂ ਸਸਤੇ ਭਾਅ ਖ਼ਰੀਦ ਕੇ, ਸ਼ਹਿਰਾਂ ਵਿੱਚ ਲਿਜਾ ਕੇ ਮਿਲਕ ਪ੍ਰੋਡਕਟਸ ਤਿਆਰ ਕਰ ਕੇ ਕਈ ਗੁਣਾ ਵੱਧ ਪੈਸੇ ਕਮਾਉਂਦੇ ਹਨ। ਜੇ ਉਹ ਸਾਰਾ ਲਾਭ, ਜੋ ਵਪਾਰੀ ਕਮਾ ਰਹੇ ਹਨ, ਤੁਹਾਨੂੰ ਮਿਲੇ ਤਾਂ ਤੁਹਾਡੀ ਹਾਲਤ ਸੁਧਰ

ਜਾਵੇ, ਪਰ ਸਰਕਾਰ ਤੋਂ ਸਹਿਕਾਰੀ ਸੰਮਤੀ ਦੀ ਮਨਜ਼ੂਰੀ ਲੈਣ ਲਈ ਵੀ ਉਨ੍ਹਾਂ ਨੂੰ ਸੰਘਰਸ਼ ਕਰਨਾ ਪਿਆ, ਅਖੀਰ ਕਾਮਯਾਬ ਹੋਏ। ਸਭ ਤੋਂ ਵੱਡੀ ਅਤੇ ਸਭ ਤੋਂ ਵੱਧ ਮਿਲਕ ਪ੍ਰੋਡਕਟਸ ਤਿਆਰ ਕਰਨ ਵਾਲੀ 'ਅਮੁੱਲ ਇੰਡੀਆ' ਬਣ ਗਈ। ਇਸ ਦੇ ਨਾਲ ਹੀ ਪ੍ਰਾਈਵੇਟ ਸੈਕਟਰ ਵਿੱਚ ਸਭ ਤੋਂ ਵੱਧ ਨੌਕਰੀਆਂ ਦੇਣ ਵਾਲੀ ਵੀ। ਵਰਗੀਜ਼ ਕੁਰੀਅਨ ਨੂੰ ਉਸ ਦੇ ਮਹਾਨ ਕਾਰਜਾਂ ਕਰਕੇ 'ਪਦਮ ਵਿਭੂਸ਼ਨ' ਅਤੇ 'ਵਰਡ ਫੂਡ ਪ੍ਰਾਈਜ਼' ਵਰਗੇ ਸਨਮਾਨ ਵੀ ਪ੍ਰਾਪਤ ਹੋਏ।

- ਜੇ ਪੰਜਾਬ ਦੀਆਂ 31-32 ਕਿਸਾਨ ਜਥੇਬੰਦੀਆਂ 'ਚੋਂ ਇੱਕ-ਇੱਕ ਵਿਅਕਤੀ ਵੀ ਵਰਗੀਜ਼ ਕੁਰੀਅਨ ਵਰਗਾ ਅੱਗੇ ਆਵੇ, ਲੋਕਾਂ ਦੀ ਅਗਵਾਈ ਕਰੇ ਤਾਂ ਇਹ ਕੋਈ ਅਤਿਕਥਨੀ ਨਹੀਂ ਕਿ ਪੰਜਾਬ ਦਾ ਕਾਇਆ ਕਲਪ ਹੋ ਜਾਵੇਗਾ ਅਤੇ ਪੰਜਾਬ ਬਾਕੀ ਸਾਰੇ ਦੇਸ਼ ਲਈ ਰੋਲ ਮਾਡਲ ਬਣ ਸਕਦਾ ਹੈ।
- ਜਪਾਨੀ ਲੋਕ ਆਪਣੇ ਦੇਸ਼ ਨੂੰ ਬਹੁਤ ਪਿਆਰ ਕਰਦੇ ਹਨ। ਉਨ੍ਹਾਂ ਦੀ ਦੇਸ਼ ਭਗਤੀ ਅਤੇ ਬਹਾਦਰੀ ਦੇ ਕਿੱਸੇ ਬਹੁਤ ਮਸ਼ਹੂਰ ਹਨ। ਦੂਸਰੀ ਸੰਸਾਰ ਜੰਗ ਦੇ ਅਖੀਰ ਤੇ ਅਮਰੀਕਾ ਨੇ ਐਟਮ ਬੰਬ ਸੁੱਟ ਕੇ ਜਾਪਾਨ ਨੂੰ ਇੱਕ ਕਿਸਮ ਦਾ ਤਬਾਹ ਕਰ ਦਿੱਤਾ ਸੀ, ਪਰ ਆਪਣੇ ਦੇਸ਼ ਨੂੰ ਮੁੜ ਤੋਂ ਸਥਾਪਿਤ ਅਤੇ ਮਜ਼ਬੂਤ ਕਰਨ ਲਈ ਜਾਪਾਨੀ ਲੋਕ ਬਹਾਦਰ ਸਿਪਾਹੀ ਤੋਂ ਬਹਾਦਰ ਕਿਰਤੀ ਬਣੇ, ਵਿਗਿਆਨਕ ਕਿਰਤੀ ਬਣੇ। ਉਹ ਉੱਜੜਿਆ ਦੇਸ਼ ਅੱਜ ਮੋਹਰੀ ਵਿਕਾਸਸ਼ੀਲ ਦੇਸ਼ਾਂ ਵਿੱਚ ਆਪਣੀ ਪਛਾਣ ਕਾਇਮ ਕਰ ਚੁੱਕਿਆ ਹੈ। ਅੱਜ ਸਾਨੂੰ ਪੰਜਾਬੀਆਂ ਨੂੰ ਵੀ ਬਹਾਦਰ ਸਿਪਾਹੀ ਤੋਂ ਬਹਾਦਰ ਅਤੇ ਵਿਗਿਆਨਕ ਕਿਰਤੀ ਬਨਣ ਦੀ ਲੋੜ ਹੈ।
- ਥਾਈਲੈਂਡ ਦੇ ਬਾਦਸ਼ਾਹ ਨੇ ਉੱਥੇ ਇਕ OTOP (One Tambon One Product) ਨਾਂ ਦੀ ਇੱਕ ਸੰਸਥਾ ਬਣਾਈ। Tambon ਭਾਵ ਪਿੰਡ, ਆਦੇਸ਼ ਸੀ ਕਿ ਇੱਕ ਪਿੰਡ ਕੋਈ ਇੱਕ ਪ੍ਰੋਡਕਟ ਤਿਆਰ ਕਰੇ, ਅਸੀਂ ਤੁਹਾਨੂੰ ਸ਼ਹਿਰਾਂ ਵਿਚ ਵੇਚਣ ਦੀ ਸਹੂਲਤ ਦੇਵਾਂਗੇ। ਥਾਈਲੈਂਡ ਵੀ ਇਕ ਗਰੀਬ ਦੇਸ਼ ਹੈ, ਜਿਸ ਦੀ ਕਰੰਸੀ ਅੱਜ ਤੋਂ 35-40 ਸਾਲ ਪਹਿਲੋਂ ਭਾਰਤ ਨਾਲੋਂ ਅੱਧ ਤੋਂ ਵੀ ਥੱਲੇ ਸੀ। ਸਾਡੇ ਇੱਕ ਰੁਪਏ ਦੇ ਬਰਾਬਰ ਥਾਈ ਬਾਟ (Thai Bhat) ਦੋ ਸਨ, ਪਰ ਹੁਣ ਇਕ ਥਾਈ ਬਾਟ ਦੇ ਬਰਾਬਰ ਸਾਡੇ ਸਵਾ ਦੋ ਰੁਪਏ ਹਨ।

ਥਾਈਲੈਂਡ ਵਿਚ ਕਿੰਨੀ ਹੀ ਕਿਸਮ ਦੇ ਉੱਥੇ ਤਿਆਰ ਹੋਏ ਫਰੈਸ਼ ਜੂਸ ਮਿਲਦੇ ਹਨ, ਕਿੰਨੇ ਹੀ ਕਿਸਮ ਦੇ ਨਟਸ ਮਿਲਕ ਆਦਿ। ਪਰ ਸਾਡੇ ਟਰੋਪਿਕਾਨਾ ਇੰਪੋਰਟ ਹੁੰਦਾ ਹੈ। ਦਸ ਵੀਹ ਪਿੰਡ ਰਲ ਕੇ ਪੰਜਾਬ ਵਿੱਚ ਜੂਸ ਦੀਆਂ ਫੈਕਟਰੀਆਂ ਲਗਾ ਸਕਦੇ ਹਨ। ਸਾਡੇ ਅਮਰੂਦ, ਅੰਗੂਰ ਅਤੇ ਔਰੇਂਜ਼ ਜੂਸ ਪੈਕ ਹੋ ਕੇ ਸਾਡੇ ਸ਼ਹਿਰਾਂ ਵਿਚ ਵਿਕਣ। ਜੇ ਅਸੀਂ ਟੋਮੈਟੋ ਸੌਸ ਬਣਾ ਕੇ ਵੇਚੀਏ ਤਾਂ ਸਾਡੇ ਟਮਾਟਰ ਮੰਡੀਆਂ ਵਿਚ ਕਿਉਂ ਰੁਕਨ। ਭਾਰਤ ਤੋਂ ਨੇੜੇ ਅਰਬ ਦੇਸ਼ ਹਨ, ਜਿੱਥੇ ਨਿਰੀ ਰੇਤਾ ਹੈ, ਉਨ੍ਹਾਂ ਪਾਸ ਤੇਲ ਹੈ, ਪੈਸੇ ਹਨ, ਵਧੀਆ ਕੁਆਲਿਟੀ ਦੀਆਂ ਫਲ, ਸਬਜ਼ੀਆਂ ਅਤੇ ਹੋਰ ਖਾਧ-ਪਦਾਰਥ ਪੈਦਾ ਕਰਕੇ ਸਾਡੇ ਕਿਸਾਨ ਐਕਸਪੋਰਟ ਕਰ ਸਕਦੇ ਹਨ। ਚਾਈਨਾ ਬਹੁਤ ਸਾਰੀਆਂ ਔਸ਼ਧੀ ਜੜੀਆਂ-ਬੂਟੀਆਂ ਪੈਦਾ ਕਰਕੇ ਐਕਸਪੋਰਟ ਕਰਦਾ ਹੈ। ਕੱਚਾ ਮਾਲ, ਪ੍ਰੋਸੈਸ ਕਰਕੇ, ਪੈਕ ਕਰਕੇ ਮਿਲਨ ਵਾਲਾ ਲਾਭ ਵੀ ਕਿਸਾਨਾਂ ਨੂੰ ਮਿਲੇ। ਅਜੇਹੀਆਂ ਯੋਜਨਾਵਾਂ ਨੂੰ ਅਮਲੀ ਰੂਪ ਦੇ ਕੇ ਕਿਸਾਨਾਂ ਨੂੰ ਕੇਵਲ ਦੋ-ਫਸਲੀ ਚੱਕਰ ਵਿੱਚੋਂ ਕੱਢਿਆ ਜਾ ਸਕਦਾ ਹੈ। ਇਸ ਨਾਲ ਜਮੀਨ ਦਾ ਹੇਠਲਾ ਪਾਣੀ ਵੀ ਬਚੇਗਾ, ਕਿਸਾਨਾਂ ਦੀ ਆਮਦਨ ਵੀ ਵਧੇਗੀ, ਰੁੱਖਾਂ, ਮਨੁੱਖਾਂ ਅਤੇ ਪਸ਼ੂਆਂ ਆਦਿ ਦਾ ਅਨੁਪਾਤ ਠੀਕ ਹੋਣ ਨਾਲ ਸਾਡਾ ਵਾਤਾਵਰਨ ਵੀ ਠੀਕ ਹੋਵੇਗਾ। ਇਹ ਸਭ ਕੁਝ ਸੰਭਵ ਹੋ ਸਕਦਾ ਹੈ, ਜੇ ਕਿਸਾਨ ਜਥੇਬੰਦੀਆਂ ਡੂੰਘੇ ਅਧਿਐਨ ਕਰਕੇ ਸੂਝ-ਬੂਝ ਨਾਲ ਵੱਡੇ ਪੱਧਰ ਤੇ ਮਾਸਟਰ ਪਲੈਨ ਬਣਾਉਣ ਅਤੇ ਸਹਿਕਾਰੀ ਸੰਮਤੀਆਂ ਬਣਾ ਕੇ ਉਨ੍ਹਾਂ ਨੂੰ ਅਮਲੀ ਰੂਪ ਦੇਣ।

ਅੰਤ ਵਿੱਚ ਸਰਕਾਰ ਨੂੰ ਸਨਿਮਰ ਬੇਨਤੀ ਕਰਨੀ ਚਾਹੁੰਦੇ ਹਾਂ ਕਿ ਲੋਕਾਂ ਦੇ ਦਿਲਾਂ ਦੀ ਪੀੜ ਸਮਝਣ ਵਾਲੇ, ਦਿਲਾਂ ਤੇ ਰਾਜ ਕਰਨ ਵਾਲੇ ਹੀ ਲੋਕ-ਨਾਇਕ ਹੁੰਦੇ ਹਨ, ਨੌਟੰਕੀਆਂ, ਜੁਮਲਿਆਂ ਅਤੇ ਕੇਵਲ 'ਮਨ ਕੀ ਬਾਤ' ਕਰਨ ਵਾਲੇ-ਬਾਹੂਬਲ ਨਾਲ ਕਦੇ ਵੀ ਰਾਸ਼ਟਰ-ਨਾਇਕ ਨਹੀਂ ਬਣ ਸਕਦੇ-

ਫੁਰਮਾਣ ਸੇ ਪੇੜੋਂ ਪੇ ਕਭੀ ਫਲ ਨਹੀਂ ਲਗਤੇ,
ਔਰ ਤਲਵਾਰ ਸੇ ਮੌਸਮ ਕੋਈ ਬਦਲਾ ਨਹੀਂ ਜਾਤਾ॥

---------------

# ਭਈ ਪਰਾਪਤਿ ਮਾਨੁਖ ਦੇਹੁਰੀਆ

– ਹਰਪਾਲ ਸਿੰਘ ਸੇਵਕ

ਮਨੁੱਖਾ ਜਨਮ ਬੜੇ ਮਹਾਨ ਮਨੋਰਥ ਦੀ ਪ੍ਰਾਪਤੀ ਲਈ ਮਿਲਦਾ ਹੈ ਅਤੇ ਇਹ ਮਨੋਰਥ ਪੂਰਾ ਵੀ ਕੇਵਲ ਮਨੁੱਖਾ ਜਨਮ ਵਿੱਚ ਹੀ ਹੋ ਸਕਦਾ ਹੈ। ਉਹ ਉੱਚ ਮਨੋਰਥ ਹੈ- ਜੀਵਨ -ਮੁਕਤੀ ਅਤੇ ਪ੍ਰਭੂ-ਪ੍ਰਾਪਤੀ। ਸਾਹਿਬ ਸਤਿਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ:

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਨ ਕੀ ਇਹੁ ਤੇਰੀ ਬਰੀਆ॥

ਇਸ ਅਸਲ ਮਨੋਰਥ ਨੂੰ ਵਿਸਾਰ ਕੇ ਕੇਵਲ ਲੋਭ, ਸੁਆਰਥ ਅਤੇ ਵਿਸ਼ਿਆਂ-ਵਿਕਾਰਾਂ ਵਿੱਚ ਮਦ-ਮਸਤ ਰਹਿਣਾ, ਜੀਵਨ ਬੇਅਰਥ ਗਵਾਉਣਾ ਹੈ-

ਅਵਰਿ ਕਾਜ ਤੇਰੈ ਕਿਤੈ ਨ ਕਾਮ॥
ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ॥

ਜੀਵਨ-ਮੁਕਤੀ ਅਤੇ ਪ੍ਰਭੂ ਪ੍ਰਾਪਤੀ ਕੇਵਲ ਪੂਰੇ ਸਤਿਗੁਰੂ ਦੀ ਕਿਰਪਾ ਨਾਲ ਹੀ ਹੋ ਸਕਦੀ ਹੈ ਕਿਉਂਕਿ ਨਾਮ ਜਪਣਾ ਹੀ ਜੀਵਨ ਦਾ ਅਸਲ ਮਨੋਰਥ ਹੈ ਅਤੇ ਨਾਮ ਦਾ ਦਾਤਾ ਕੇਵਲ ਸਤਿਗੁਰੂ ਹੀ ਹੈ-

ਬਿਨੁ ਸਤਿਗੁਰ ਕੋ ਨਾਉ ਨ ਪਾਏ
ਪ੍ਰਭ ਐਸੀ ਬਣਤ ਬਣਾਈ ਹੇ॥

ਮਨੁੱਖਾ ਜਨਮ ਦੇ ਇਸ ਅਸਲ ਮਨੋਰਥ ਦੀ ਪ੍ਰਾਪਤੀ ਲਈ ਜਨਮ ਤੋਂ ਹੀ, ਸਗੋਂ ਜਨਮ ਤੋਂ ਵੀ ਪਹਿਲੋਂ ਗਰਭ ਅਵਸਥਾ ਸਮੇਂ ਤੋਂ ਹੀ ਸੁਚੇਤ ਯਤਨ ਕਰਨੇ ਚਾਹੀਦੇ ਹਨ। ਇਹ ਸੋਚਣਾ ਅਗਿਆਨਤਾ ਅਤੇ ਮੂਰਖਪੁਣਾ ਹੈ ਕਿ ਬਿਰਧ ਅਵਸਥਾ ਵਿਚ ਭਗਤੀ ਕਰ ਲਵਾਂਗੇ। ਕਿਉਂਕਿ:

ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ॥
ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥

ਮੌਤ ਤਾਂ ਜੀਵਨ ਦੇ ਕਿਸੇ ਵੀ ਪੜਾਅ, ਬਚਪਨ, ਜਵਾਨੀ ਜਾਂ ਬਿਰਧ ਅਵਸਥਾ ਵਿੱਚ ਆ ਸਕਦੀ ਹੈ। ਇਸੇ ਲਈ ਹੀ ਮਾਤਾ ਮਦਾਲਸਾ ਆਪਣੇ ਬੱਚਿਆਂ ਨੂੰ ਲੋਰੀ ਹੀ ਤਿਆਗ, ਵੈਰਾਗ ਅਤੇ ਬ੍ਰਹਮ ਗਿਆਨ ਦੀ ਦਿਆ ਕਰਦੀ ਸੀ। ਕੇਵਲ ਬਚਪਨ ਤੋਂ ਹੀ ਨਹੀਂ, ਪ੍ਰਹਿਲਾਦ ਭਗਤ ਦੀ ਮਾਤਾ ਕਿਆਧੂ ਦੇਵੀ ਨੇ ਗਰਭ-ਅਵਸਥਾ ਵਿਚ ਪ੍ਰਹਿਲਾਦ ਨੂੰ ਪ੍ਰਭ-ਭਗਤੀ ਦ੍ਰਿੜ੍ਹਾਉਣੀ ਸ਼ੁਰੂ ਕਰ ਦਿੱਤੀ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗ੍ਰਹਿਸਤ ਮਾਰਗ ਬਾਰੇ ਦਿੱਤੇ (ਰਿਕਾਰਡ) ਉਪਦੇਸ਼ ਵਿੱਚ ਫਰਮਾਨ ਹੈ:

"ਉਹ ਸਾਡੀਆਂ ਮਾਤਾਵਾਂ, ਉਹ ਗਾਰਗੀ ਜੈਸੀ ਮਾਤਾ, ਅਨੁਸੂਆ ਜੈਸੀ ਮਾਤਾ, ਆਪਣੇ ਤਪ ਦੇ ਬਲ ਵਾਲੀਆਂ ਉਹ ਮਾਤਾਵਾਂ- ਮਾਤਾ ਮਦਾਲਸਾ ਜੈਸੀਆਂ ਜਿਨ੍ਹਾਂ ਨੇ ਆਪਣੇ ਪੁੱਤਰਾਂ ਨੂੰ ਜਨਮ ਤੋਂ ਹੀ ਐਸਾ ਉਪਦੇਸ਼ ਦਿੱਤਾ ਕਿ- ਤੂੰ ਸੁਧੋ ਹੈਂ- ਤੂੰ ਬੁੱਧੋ ਹੈਂ, ਇਹ ਮਾਇਆ ਹੈ, ਜਗਤ ਜਿਹੜਾ ਹੈ- ਤੂੰ ਇਸਨੂੰ ਛੱਡਦੇ; ਫਿਰ ਉਹ ਮਾਈਆਂ ਨੂੰ ਵੀ ਸਿੱਖਿਆ ਮਿਲਦੀ ਸੀ। ਪੜ੍ਹਕੇ ਦੇਖੋ ਕਿ ਮਾਤਾ ਕੁੰਤੀ ਜੀ ਜਿਸ ਅੰਦਰ ਰਹਿੰਦੇ ਸਨ, ਉੱਥੇ ਜਾਂ ਸੂਰਮਿਆਂ ਦੀਆਂ ਤਸਵੀਰਾਂ ਸਨ ਜਾਂ ਰਿਸ਼ੀਆਂ ਦੀਆਂ ਜਾਂ ਉੱਥੇ ਸ਼ਸਤਰ ਹੁੰਦੇ ਸਨ। ਹੁਣ ਜਿਹੜੀ ਬੀਬੀ ਅੱਜ ਸਿਨਮੇ ਵਿੱਚ ਜਾਂਦੀ ਹੈ, ਜਿਸ ਦੇ ਪੇਟ ਵਿੱਚ ਬੱਚਾ ਹੈ, ਉਹ ਜਿਹੜਾ ਕੁਝ ਓਥੇ ਵੇਖਦੀ ਹੈ, ਬੱਚੇ ਨੇ ਜੰਮਦਿਆਂ ਉਹੋ ਹੀ ਕੰਮ ਸ਼ੁਰੂ ਕਰਨਾ ਹੈ। ਕੀ ਮਾਈਆਂ ਦਾ ਇਹ ਥੋੜ੍ਹਾ ਜਿਹਾ ਕੰਮ ਹੈ? ਕਿ ਬੱਚੇ ਉਨ੍ਹਾਂ ਦੇ ਭਗਤ, ਦਾਤੇ ਔਰ ਸੂਰਮੇ ਪੈਦਾ ਹੋਣ। ਮਨੀ ਸਿੰਘ ਜੈਸੇ ਪੈਦਾ ਹੋਣ, ਹਕੀਕਤ ਰਾਏ ਜੈਸੇ ਪੈਦਾ ਹੋਣ, ਹੀਰਾ ਸਿੰਘ ਹੁਰਾਂ ਜੈਸੇ ਪੈਦਾ ਹੋਣ।

ਇਸ ਤੋਂ ਅੱਗੇ ਵੱਡ ਪ੍ਰਤਾਪੀ ਸਤਿਗੁਰੂ ਸੱਚੇ ਪਾਤਸ਼ਾਹ ਮਾਈਆਂ ਨੂੰ ਉਚੇਚਾ ਹੁਕਮ ਕਰਦੇ ਹਨ: "ਸੋ ਮਾਈਆਂ ਅੱਗੇ ਮੇਰੀ ਅਰਜ਼ ਹੈ ਕਿ ਬੱਚਿਆਂ ਦਾ ਅੱਗੋਂ ਸਿੱਖ ਰਹਿਣਾ ਇਹ ਮਾਈਆਂ ਦੇ ਹੱਥ ਵਿੱਚ ਹੈ। ਭਾਵੇਂ ਭਾਗ ਮਾਈਆਂ ਦੇ ਹੱਥ ਵਿੱਚ ਨਹੀਂ। ਉਹ ਵੱਡੇ ਹੋਣ ਥਾਂ ਛੋਟੇ, ਪੈਸੇ ਬਹੁਤੇ ਹੋਣੇ ਜਾਂ ਨਾ। "ਸਤਿਗੁਰਾਂ ਨੇ ਹੁਕਮਨਾਮੇਂ ਵਿੱਚ ਹੁਕਮ ਲਿਖਿਆ ਹੈ- 'ਲੜਕੇ ਲੜਕੀਆਂ ਨੂੰ ਗੁਰਮੁਖੀ ਅੱਖਰ

ਪੜ੍ਹਾਉਣੇ ਹੋਸ਼ ਆਉਂਦੀ ਦੇ ਨਾਲ।' ਮਾਈਆਂ ਬੱਚਿਆਂ ਦਾ ਇਹ ਖਿਆਲ ਰੱਖਣ, ਤੜਕੇ ਇਸ਼ਨਾਨ ਕਰਕੇ ਬੈਠਣ, ਭਜਨ ਕਰਨ, ਬਾਣੀ ਪੜ੍ਹਨ ਭਾਵੇਂ ਪੰਜ-ਪੰਜ ਮਿੰਟ ਬੱਚਿਆਂ ਨੂੰ ਬਹਾਉਣ। ਉਨ੍ਹਾਂ ਨੂੰ ਭੀ ਕੁਝ ਸਿਖਾਉਣ ਤਾਂ ਕਿ ਉਨ੍ਹਾਂ ਨੂੰ ਵੀ ਪਤਾ ਲੱਗੇ ਕਿ ਸਾਧ ਸੰਗਤ ਵਿੱਚ ਭਜਨ ਕਿਵੇਂ ਕਰਨਾ ਹੈ, ਸਮਾਧੀ ਕਿਵੇਂ ਲਗਦੀ ਹੈ, ਬਾਣੀ ਕਿਵੇਂ ਪੜ੍ਹੀਦੀ ਹੈ, ਸਿੱਖੀ ਕੀ ਚੀਜ਼ ਹੈ, ਕਛਹਿਰੇ ਕਿਵੇਂ ਰੱਖੀਦੇ ਹਨ। ਜਦੋਂ ਬੱਚੇ ਕੋਲ ਹੋਣ, ਉਹਨਾਂ ਨੂੰ ਲੋਰੀ ਸਤਿਗੁਰਾਂ ਦੇ ਨਾਮ ਦੀ ਦਿਉ, ਬਾਣੀ ਦੀ ਦਿਉ। ਉਨ੍ਹਾਂ ਨੂੰ ਰੋਜ਼ ਅਰਦਾਸ ਕਰਨ ਦੀ ਜਾਚ ਦੱਸੋ।"

ਇਸ ਤਰ੍ਹਾਂ ਬੱਚੇ ਨੂੰ ਜੀਵਨ ਦੇ ਅਸਲ ਮਨੋਰਥ ਦੀ ਪ੍ਰਾਪਤੀ ਲਈ ਜਨਮ ਤੋਂ ਹੀ ਗੁਰਮਤਿ ਦ੍ਰਿੜਾਉਣ ਲਈ ਸਤਿਗੁਰੂ ਸੱਚੇ ਪਾਤਸ਼ਾਹ ਹੁਕਮ ਕਰਦੇ ਹਨ। ਪੁਰਾਣੇ ਬਜ਼ੁਰਗ ਦਾਦਾ-ਦਾਦੀ, ਨਾਨਾ-ਨਾਨੀ ਬੱਚਿਆਂ ਨੂੰ ਸੌਣ ਤੋਂ ਪਹਿਲਾਂ ਸਤਿਗੁਰੂ ਸਾਖੀਆਂ ਸੁਣਾਇਆ ਕਰਦੇ ਸਨ। ਵੱਡਿਆਂ ਵਿਚ ਵੇਖਿਆ ਹੈ ਕਿ ਨਹਾਉਣ ਲੱਗੇ ਕੇਸਾਂ ਪਾਣੀ ਪਾਉਂਦਿਆਂ, ਛਿੱਕ ਜਾਂ ਅਵਾਸੀ ਆਉਣ ਤੇ, ਰੋਟੀ ਖਾਣ ਲੱਗਿਆਂ, ਉੱਠਦਿਆਂ ਸਾਰ ਜਾਂ ਸੌਣ ਲੱਗਿਆਂ ਧੰਨ ਸਤਿਗੁਰੂ...... ਆਖਣਾ। ਉਨ੍ਹਾਂ ਦਾ ਸਹਿਜ ਸੁਭਾਅ ਬਣ ਚੁੱਕਾ ਸੀ। ਕਿਸੇ ਪਾਸੇ ਤੁਰਨ ਲੱਗਿਆਂ ਜਾਂ ਕੋਈ ਕਾਰਜ ਆਰੰਭ ਕਰਨ ਲੱਗੇ ਅਰਦਾਸ ਕਰਨ ਦਾ ਵੀ ਮਨੋਰਥ ਸਤਿਗੁਰੂ ਨੂੰ ਯਾਦ ਕਰਨਾ ਹੀ ਹੈ। ਕੋਈ ਪੱਤਰ ਜਾਂ ਲੇਖ ਆਦਿ ਲਿਖਣ ਤੋਂ ਪਹਿਲੋਂ ਆਰੰਭ ਵਿਚ "੧ੴ ਸਤਿਗੁਰ ਪ੍ਰਸਾਦਿ" ਜਾਂ ਅਸੀਂ "੧ੴ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ" ਲਿਖਦੇ ਹਾਂ। ਇਹਨਾਂ ਸਾਰੀਆਂ ਪਰੰਪਰਾਵਾਂ ਅਤੇ ਸੰਸਕਾਰਾਂ ਦਾ ਮਨੋਰਥ ਇੱਕੋ ਹੈ- 'ਏ ਮਨ ਮੇਰਿਆ ਤੂ ਸਦਾ ਰਹੁ ਹਰ ਨਾਲੇ॥

ਸਾਨੂੰ ਨਾਮਧਾਰੀਆਂ ਨੂੰ ਸਤਿਗੁਰੂ ਸੱਚੇ ਪਾਤਸ਼ਾਹ ਜੀ ਦਾ ਹੁਕਮ ਹੈ ਕਿ ਜਨਮ ਹੁੰਦਿਆਂ ਹੀ ਬੱਚੇ ਦੇ ਕੰਨ ਵਿੱਚ ਗੁਰਮੰਤਰ ਦੇ ਦਿੱਤਾ ਜਾਵੇ, ਫੇਰ ਹੀ ਉਹ ਮਾਂ ਦਾ ਦੁੱਧ ਪੀਵੇ। ਜੇ ਹੋਰ ਨਾਮ ਦੇਣ ਵਾਲਾ ਕੋਈ ਪਾਸ ਨਾ ਹੋਵੇ ਤਾਂ ਮਾਂ ਹੀ ਬੱਚੇ ਦੇ ਕੰਨ ਵਿਚ ਨਾਮ ਦੇ ਦੇਵੇ। ਇਸੇ ਤਰ੍ਹਾਂ ਜਦੋਂ ਪੰਜ ਸੱਤ ਸਾਲ ਦੇ ਬੱਚੇ ਨੂੰ ਪੱਗ ਬੰਨ੍ਹਵਾਈ ਜਾਂਦੀ ਹੈ ਜਾਂ ਜਦੋਂ ਅਨੰਦ ਕਾਰਜ ਹੁੰਦਾ ਹੈ, ਉਦੋਂ ਵੀ ਕੰਨ ਵਿੱਚ ਗੁਰਮੰਤਰ ਦੇਣ ਦੀ ਮਰਿਯਾਦਾ ਹੈ ਅਤੇ ਅੰਤਮ ਸਸਕਾਰ ਵੇਲੇ ਵੀ ਕੀਰਤਨ ਸੋਹਿਲੇ ਦਾ ਪਾਠ ਕਰਕੇ ਅਰਦਾਸ ਕਰਨੀ। ਭਾਵ ਕਿ ਜਨਮ ਤੋਂ ਮੌਤ ਤੱਕ ਹਰ ਕਿਰਿਆ-ਕਰਮ ਵੇਲੇ ਨਾਮ ਬਾਣੀ ਨਾਲ ਜੁੜੇ ਰਹਿਣਾ ਅਤੇ ਗੁਰ- ਪ੍ਰਸਾਦਿ, ਭਾਵ ਗੁਰੂ ਦੀ ਕਿਰਪਾ ਦੇ ਆਸਰੇ ਰਹਿਣਾ ਹੀ ਗੁਰਮਤਿ ਹੈ ਅਤੇ ਜੀਵਨ-ਮੁਕਤੀ; ਲੋਕ ਸੁਖੀਏ ਪਰਲੋਕ ਸੁਹੇਲੇ ਅਤੇ ਪ੍ਰਭੂ ਪ੍ਰਾਪਤੀ ਦਾ ਸਹਿਜ ਮਾਰਗ ਹੈ।

ਮਨ ਨੂੰ ਪ੍ਰਭੂ ਭਗਤੀ ਵੱਲ ਲਾਉਣ ਵਾਸਤੇ ਜ਼ਰੂਰੀ ਹੈ ਕਿ ਲੋਭ, ਸਵਾਰਥ, ਦੁਰਾਚਾਰ, ਕਪਟ, ਦੂਰ ਵਿਵਹਾਰ ਅਤੇ ਮਾੜੀ ਸੰਗਤ ਦਾ ਤਿਆਗ ਕੀਤਾ ਜਾਵੇ। ਰੋਜ਼ਾਨਾ ਸਤਿ-ਸੰਗ ਕੀਤਾ ਜਾਵੇ ਤਾਂ ਕਿ ਸਾਡੇ ਮਨ ਵਿੱਚ ਗਿਆਨ, ਭਗਤੀ, ਸਦਾਚਾਰ, ਸੇਵਾ-ਸਿਮਰਨ ਅਤੇ ਪਰ-ਉਪਕਾਰ ਜਹੇ ਗੁਣ ਪਰਗਟ ਹੋਣ। ਨਿਯਮਿਤ ਜੀਵਨ, ਸੰਜਮ, ਸਾਦਗੀ, ਆਗਿਆ ਪਾਲਨ, ਅਨੁਸ਼ਾਸਨ ਆਦਿ ਸਤੋ-ਗੁਣ ਹੀ ਭਗਤੀ ਮਾਰਗ ਤੇ ਚੱਲਣ ਲਈ ਸਹਾਇਕ ਹੁੰਦੇ ਹਨ। ਗੁਰੂ ਪ੍ਰਤੀ ਦ੍ਰਿੜ ਵਿਸ਼ਵਾਸ, ਸ਼ਰਧਾ ਅਤੇ ਪ੍ਰੇਮਾ-ਭਗਤੀ ਤੋਂ ਬਿਨਾਂ ਧਰਮ-ਕਰਮ ਕੇਵਲ ਫੋਕਟ ਕਰਮ ਹੋ ਜਾਂਦੇ ਹਨ।

ਮਾਤਾ-ਪਿਤਾ ਦੀ ਸੇਵਾ ਅਤੇ ਸਤਿਕਾਰ ਗੁਰੂ-ਭਗਤੀ, ਬਿਰਧਾਂ-ਬਿਮਾਰਾਂ ਦੀ ਸੇਵਾ, ਭੁੱਖੇ ਨੂੰ ਰੋਟੀ ਅਤੇ ਲੋੜਵੰਦ ਨੂੰ ਕੱਪੜਾ ਆਦਿ ਦੇਣਾ ਅਤੇ ਨਿਯਮਿਤ ਰੂਪ ਵਿੱਚ ਸਤਿ-ਸੰਗ ਕਰਨ ਨਾਲ ਇਸ ਜੀਵਨ ਵਿੱਚ ਤੰਦਰੁਸਤੀ, ਸ਼ਕਤੀ, ਸੁਖ, ਸੋਭਾ ਅਤੇ ਸ਼ਾਂਤੀ ਦੀ ਪ੍ਰਾਪਤੀ ਹੁੰਦੀ ਹੈ।

ਸਰੀਰਕ ਬਲ, ਬੁੱਧੀ, ਧਨ, ਵਿੱਦਿਆ ਅਤੇ ਪ੍ਰਭੂਤਾ ਆਦਿ ਦੀ ਵਰਤੋਂ ਜੀਵਨ ਮੁਕਤੀ ਅਤੇ ਪ੍ਰਭੂ ਪ੍ਰਾਪਤੀ ਵਾਸਤੇ ਹੀ ਕੀਤੀ ਜਾਵੇ ਤਾਂ ਇਹ ਸਭ ਗੁਣ ਅਤੇ ਸਾਧਨ ਸਫਲ ਹੁੰਦੇ ਹਨ ਨਹੀਂ ਤੇ ਇਹੋ ਗੁਣ, ਸੋਭਾ ਅਤੇ ਮਾਇਕ ਸਾਧਨ ਲੋਕ ਵਿਚ ਦੁਖਾਂ-ਕਲੇਸ਼ਾਂ ਦਾ ਕਾਰਣ ਬਣਦੇ ਹਨ ਅਤੇ ਲੋਕ ਪਰਲੋਕ ਵਿਚ ਨਰਕਗਾਮੀ।

ਇਸੇ ਲਈ ਗੁਰੂ ਸਾਹਿਬ ਦਾ ਫੁਰਮਾਨ ਹੈ-

ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥
ਅਤੇ
ਜਨਮ ਬ੍ਰਿਥਾ ਜਾਤ ਰੰਗਿ ਮਾਇਆ ਕੈ॥

**ਸੰਪ:94176-01321**

# ਮਾਲੇਰਕੋਟਲੇ ਵਾਲਾ ਸਾਕਾ (ਹਰਸਾ ਸਿੰਘ 'ਚਾਤਰ)

*** ਪੰਜਾਬੀ ਸਾਹਿਤ ਜਗਤ ਵਿੱਚ "ਵਾਰਾਂ ਦੇ ਬਾਦਸ਼ਾਹ" ਵਜੋਂ ਜਾਣੇ ਜਾਂਦੇ ਸ੍ਰ. ਹਰਸਾ ਸਿੰਘ ਚਾਤਰ ਜੀ ਦੀ ਲਿਖੀ "ਕੂਕਿਆਂ ਦੀ ਵਾਰ" ਛਾਪਣ ਦੀ ਖੁਸ਼ੀ ਲੈ ਰਹੇਂ ਹਾਂ ਜੋ ਲੇਖਕਾਂ, ਪ੍ਰਚਾਰਕਾਂ ਲਈ ਲਾਹੇਵੰਦ ਹੋਵੇਗੀ– ਸੰਪਾਦਕ**

ਜਦ ਸੁੱਤਾ ਸ਼ੇਰ ਪੰਜਾਬ ਦਾ, ਤੱਕ ਲਿਆ ਗਦਾਰਾਂ।
ਤਦ ਚਿੱਠੀ ਪਾ ਕੇ ਸੱਦੀਆਂ, ਪਾਰੋਂ ਸਰਕਾਰਾਂ।
ਆ ਮੁਦਕੀ ਅੰਦਰ ਤੇਗ ਤੋਂ, ਚੰਨ ਚੜੇ ਹਜ਼ਾਰਾਂ।
ਪਰ ਲੰਕ ਲੁਟਾਈ ਭੇਤੀਆਂ, ਗੋਰੇ ਦਿਆਂ ਯਾਰਾਂ।
ਫਿਰ ਵਿਚ ਸਭਰਾਵਾਂ ਖਾਲਸੇ, ਬੱਧੀਆਂ ਦਸਤਾਰਾਂ।
ਪਰ ਉਹ ਵੀ ਖੱਫਣ ਹੋ ਗਈਆਂ, ਤਕਦੀਰੀ ਹਾਰਾਂ।

ਲੈ ਲੀਤੇ ਕੁਲ ਅੰਗਰੇਜ਼ ਨੇ, ਹਥਿਆਰ ਚੁਕੰਨੇ।
ਪਾ ਨੱਥਾਂ ਸ਼ੇਰ ਪੰਜਾਬ ਦੇ, ਕਿੱਲਿਆਂ ਤੇ ਬੰਨ੍ਹੇ।
ਫੜ ਸੱਪ ਖੱੜਪੇ ਕੀਲ ਕੇ, ਕਰ ਛੱਡੇ ਅੰਨ੍ਹੇ।
ਇਉਂ ਪੀੜੀ ਅਣਖ ਪੰਜਾਬ ਦੀ, ਜਿਉਂ ਵੇਲਣ ਗੰਨੇ।
ਜਦ ਬਾਜ਼ੀ ਹਰ ਜਾਏ ਕਿਸੇ ਦੀ, ਕਿਸਮਤ ਨਾ ਮੰਨੇ।
ਤਦ ਬੱਕਰੀ ਚੜ੍ਹ ਜਾਏ ਸ਼ੇਰ ਤੇ, ਚੜ੍ਹ ਪਾਸੇ ਭੰਨੇ।

ਕੁਲ ਬੰਦੋਬਸਤ ਅੰਗਰੇਜ਼ ਨੇ, ਹੁਣ ਨਵੇਂ ਸੰਭਾਲੇ।
ਕਈ ਨਵੀਆਂ ਪਾਈਆਂ ਛੌਣੀਆਂ, ਸਰਹੱਦ ਉਦਾਲੇ।
ਕਈ ਭਰਤੀ ਕੀਤੇ ਗੱਭਰੂ, ਮੱਖਣਾਂ ਦੇ ਪਾਲੇ ।
ਕਈ ਫਾਂਸੀ ਲਾਏ ਸੂਰਮੇਂ, ਜੋਧੇ ਕਣ ਵਾਲੇ।
ਮੂੰਹ ਮੁੜ ਗਏ ਤੀਰ ਤੁਫੰਗ ਦੇ, ਜੰਗ ਖਾਧੇ ਭਾਲੇ।
ਬੱਸ ਵੱਜ ਗਏ ਸ਼ੇਰ ਪੰਜਾਬ ਦੀ, ਕਿਸਮਤ ਨੂੰ ਤਾਲੇ।
ਇਉਂ ਗੋਰੇ ਗੋਸ਼ਤ ਖੋਰ ਸੀ, ਰਹਿੰਦੇ ਹਲਕਾਏ।
ਇਨ੍ਹਾਂ ਬੁੱਚੜਖਾਨੇ ਆਣ ਕੇ, ਹਰ ਜਗ੍ਹਾ ਬਣਾਏ।
ਜਦ ਚੱਲੇ ਗਊ ਗਰੀਬ ਤੇ, ਖੱਪਰੇ ਤ੍ਰਿਹਾਏ।
ਮੂੰਹ ਚੁੱਕ ਅੜਿੰਗੇ ਅਰਸ਼ ਨੂੰ, ਗਊਆਂ ਦੇ ਜਾਏ ।
ਕੋਈ ਘੱਲੀਂ ਮਰਦ ਅਗੰਮੜਾ ਸਿਰ ਤਲੀ ਟਿਕਾਏ ।
ਸਾਨੂੰ ਕੱਢੇ ਬੁੱਚੜ-ਖਾਨਿਓ ਉਪਕਾਰ ਕਮਾਏ ।

ਇਹ ਕੂਕ ਸੁਣੀ ਕਰਤਾਰ ਨੇ, ਸੱਤਵੇਂ ਅਸਮਾਨੀ।
ਉਸ ਘੱਲਿਆ ਇਕ ਪਰੇਰਕੇ, ਸੂਰਾ ਲਾਸਾਨੀ।
ਉਹ ਗੁਰ ਨਾਨਕ ਦੀ ਜੋਤ ਸੀ, ਰੰਗ ਰੂਪ ਰੁਬਾਨੀ।
ਉਸ ਸਿਮਰ ਸਿਮਰ ਗੁਰਦੇਵ ਨੂੰ, ਕੀਲੇ ਅਭਿਮਾਨੀ।
ਭਰ ਨੈਣ ਜਿਨੂੰ ਵੀ ਵੇਖਿਆ, ਚੜ੍ਹ ਗਈ ਗਿਰਾਨੀ।
ਉਹ ਸੂਰਜ ਬਣ ਕੇ ਚਮਕਿਆ, ਵਿਚ ਦੋਹੀਂ ਜਹਾਨੀ।

ਸੀ ਰੌਲਾ ਪਿਆ ਸਮਾਜ ਦਾ, ਬੇਈਮਾਨੀ ਚੱਲੀ।
ਆ ਸਾਧਾਂ ਦੀ ਥਾਂ, ਜਗ ਤੇ, ਚੋਰਾਂ ਨੇ ਮੱਲੀ।
ਕੋਈ ਅਬਲਾ ਜਾ ਨਾ ਸਕਦੀ, ਕਿਧਰੇ ਵੀ ਕੱਲੀ।
ਸ਼ੀਂਹ ਰਾਜੇ ਕੁੱਤੇ ਅਹਿਦੀਏ, ਸਭ ਦੁਨੀਆ ਝੱਲੀ।
ਜਦ ਵੱਜੀ ਹਰ ਇਕ ਮੰਦਰੀਂ, ਖਤਰੇ ਦੀ ਟੱਲੀ।
ਤਦ ਅਰਸ਼ੋਂ ਨਾਨਕ ਗੁਰੂ ਨੇ, ਰੂਹ ਆਪਣੀ ਘੱਲੀ।

ਉਸ ਕਲਿਜੁਗ ਅੰਦਰ ਆ ਕੇ, ਸਤਿਜੁਗ ਵਰਤਾਇਆ।
ਉਸ ਸੁੱਤਾ ਮੁਲਕ ਪੰਜਾਬ ਦਾ, ਲਾ ਅਣਖ ਜਗਾਇਆ।
ਉਸ ਕੰਨਾਂ ਮੰਨਾਂ ਜੀਹਦਿਆਂ; ਕੰਨਾਂ ਵਿਚ ਪਾਇਆ।
ਉਹ ਬਣਿਆ ਸਾਧ ਸ਼ੈਤਾਨ ਤੋਂ, ਅਸਚਰਜ ਵਿਖਾਇਆ।
ਜਦ ਪੈਂਦਾ ਡਿੱਠਾ ਜੱਗ ਤੇ, ਜ਼ੁਲਮਾਂ ਦਾ ਸਾਇਆ।
ਤਦ ਜੁਗ ਜੁਗ ਭਗਤ ਉਪਾਇਕੈ, ਪੈਜ ਰੱਖਦਾ ਆਇਆ।

ਉਹ ਚੀਨੀ ਵਾਲਾ ਸੂਰਮਾਂ, ਪਏ ਆਖਣ ਦਾਨੇ।
ਉਹ ਸੋਹਣੀ ਜਗਦੀ ਜੋਤ ਦੇ, ਆਸ਼ਕ ਪਰਵਾਨੇ।
ਉਸ ਖਿੜੇ ਰੂਹਾਨੀ ਫੁੱਲ ਦੇ, ਭੌਰੇ ਮਸਤਾਨੇ।
ਉਹ ਨਾਮ ਖੁਮਾਰੀ ਵੰਡਦਾ, ਲੈ ਪੀਣ ਦੀਵਾਨੇ।
ਉਹ ਜਿੱਥੇ ਜਿੱਥੇ ਵੱਸਿਆ, ਖਿੜ ਗਏ ਵੀਰਾਨੇ।
ਆ ਦਿਲਬਰ ਨਜ਼ਰ ਗੁਜ਼ਾਰਦੇ, ਦਿਲ ਦੇ ਨਜ਼ਰਾਨੇ।
ਜੋ ਹੈਸਨ ਚੇਲੇ ਓਸ ਦੇ, ਉਸ ਤੋਂ ਵੀ ਪੱਕੇ।
ਨਾ ਕਾਣ ਕਿਸੇ ਦੀ ਝੱਲਦੇ, ਨਾ ਸਹਿੰਦੇ ਧੱਕੇ।
ਉਨ੍ਹਾਂ ਥਾਂ ਥਾਂ ਵੈਰੀ ਧਰਮ ਦੇ, ਧਰਤੀ ਤੋਂ ਚੱਕੇ।
ਉਨ੍ਹਾਂ ਜ਼ਾਲਮ ਜ਼ੁਲਮ ਗੁਜਾਰਦੇ, ਖੰਡ ਵਾਂਗੂੰ ਫੱਕੇ।
ਜਦ ਰੋਹੜੇ ਰਤ ਵਿਚ ਕੂਕਿਆਂ, ਜ਼ਾਲਮ ਦੇ ਸੱਕੇ।
ਤਦ ਹਲ ਚਲ ਪੈ ਗਈ, 'ਚਾਤਰਾ', ਲੰਡਨ ਦੇ ਮੱਕੇ।

ਸਿੰਘ ਮਾਘੀ ਮੇਲਾ ਕਰਨ ਨੂੰ , ਚਲ ਭੈਣੀ ਆਏ।
ਹੋ ਹਾਜ਼ਰ ਸ੍ਰੀ ਹਜ਼ੂਰ ਦੇ, ਦੀਵਾਨ ਸਜਾਏ।
ਲੈ ਕੁੱਟੇ ਛੈਣੇ ਢੋਲਕੀ, ਜੱਸ ਗੁਰ ਦੇ ਗਾਏ।
ਜੀ ਖੋਲ ਖੋਲ ਮਸਤਾਨਿਆਂ, ਨਚ ਤਾਲ ਮਿਲਾਏ।
ਜੋ ਕੇਸਾਂ ਕਾ ਕਰ ਲਿਖਿਆ, ਸੋ ਚਵਰ ਝੁਲਾਏ।
ਜੇ ਵੇਖ ਲਵੇ ਵਡਭਾਗ ਸਿੰਘ, ਮੂੰਹ ਨੀਵਾਂ ਪਾਏ।

ਸੀ ਜੋ ਫਾਂਸੀ ਤੇ ਚੜ੍ਹਦਿਆਂ, ਨ ਕੰਬੇ ਥਿੜਕੇ ।
ਜਿਨ੍ਹਾਂ ਖੋਹੀ ਛੁਰੀ ਜਲਾਦ ਦੀ, ਗਊਆਂ ਤੋਂ ਚਿੜਕੇ ।
ਜਿਨ੍ਹਾਂ ਲਈ ਸ਼ਹੀਦੀ ਸੂਰਿਆਂ, ਹੱਥੋ ਹੱਥ ਭਿੜਕੇ।
ਜਿਨ੍ਹਾਂ ਜ਼ਾਲਮ ਜ਼ੁਲਮ ਗੁਜਾਰਦੇ, ਮਾਰੇ ਤੇ ਝਿੜਕੇ।
ਜਿਨ੍ਹਾਂ ਕੇਸਰ ਦੀ ਥਾਂ ਧਰਮ ਨੂੰ, ਲਹੂ ਆਪਣੇ ਛਿੜਕੇ।
ਲਾ ਵਾਰਾਂ ਗਾਈਆਂ ਕੂਕਿਆਂ, ਉਨ੍ਹਾਂ ਦੀਆਂ ਤਿੜਕੇ ।

ਤਦ ਉੱਬਲੀ ਰੱਤ ਪਿਆਰ ਦੀ, ਮਸਤਾਨੇ ਨੱਚੇ।
ਉਹ ਅਣਖ ਸ਼ਰਾਰੇ ਸਾਹਮਣੇ, ਅਣਖੀ ਦੇ ਮੱਚੇ।
ਉਹ ਰੋਹ ਵਿਚ ਟੁੱਕਣ ਉਂਗਲਾਂ, ਸ਼ੇਰਾਂ ਦੇ ਬੱਚੇ।
ਕਈ ਆਏ ਵਿਚ ਵੈਰਾਗ ਦੇ, ਭਰ ਨੈਣ ਚੁਬੱਚੇ।
ਕਈ ਆਖਣ ਮਿਲਣ ਗਦਾਰ ਜੇ, ਖਾ ਜਾਈਏ ਕੱਚੇ।
ਜਿਨ੍ਹਾਂ ਫ਼ਾਂਸੀ ਲਾਏ 'ਚਾਤਰਾ, ਧਰਮੀਂ ਤੇ ਸਚੇ।

ਫਰਵਾਹੀ ਗੁਰਮੁਖ ਸਿੰਘ ਨੇ, ਇਉਂ ਕਿਹਾ ਖਲੋ ਕੇ ।
ਗਲ ਸੁਣ ਲੌ ਜਿਗਰੇ ਵਾਲਿਓ, ਹੱਥ ਜਿੰਦੋਂ ਧੋ ਕੇ ।
ਹੁਣ ਪਾਣੀ ਲੰਘਦਾ ਜਾ ਰਿਹਾ, ਉੱਤੋਂ ਦੀ ਹੋਕੇ।
ਜੇ ਸਿੰਘ ਨਾ ਰੋਕਣ ਜ਼ੁਲਮ ਨੂੰ, ਨੱਕ ਮਰਨ ਡਬੋ ਕੇ ।
ਜਿਨ੍ਹਾਂ ਹੱਥੋਂ ਅਣਖਾਂ ਦਿੱਤੀਆਂ, ਦਿਨ ਕੱਟੇ ਰੋ ਕੇ।
ਉਹ ਪਾਉਂਦੇ ਨੇ ਸ਼ਰਮਿੰਦਰੀ, ਗਲ ਹਾਰ ਪਰੋਕੇ।
ਜਿਦਾ ਜੀਵਨ ਜੋਗਾ; ਧਰਤ ਦੇ ਧੁਰ ਹੇਠ ਖਲੋਵੇ।
ਜਿਦਾ ਸਾਰੀ ਦੁਨੀਆ ਵਾਸਤੇ, ਰੱਜ ਮੁੜਕਾ ਚੋਵੇ।
ਜਿਦੀ ਘਾਲ ਕਮਾਈ ਜੱਗ ਦੀ ਗੁਰਬਤ ਨੂੰ ਖੋਵੇ।
ਦੋ ਵੇਲੇ ਧਾਰਾਂ; ਜਿਸ ਤੋਂ ਕੁਲ ਦੁਨੀਆਂ ਚੋਵੇ।
ਉਹ ਹਥ ਆਈ ਜਲਾਦ ਦੇ; ਗਊ ਮਾਤਾ ਰੋਵੇ।
ਪਰ ਇਹ ਤਾਂ ਮਿਹਣਾ ਮਿਤਰੋ, ਮਰਦਾਂ ਨੂੰ ਹੋਵੇ।

ਅਜੇ ਕੱਲ ਮਲੇਰੀ ਕੋਟਲੇ , ਹੋਇਆ ਇਹ ਕਾਰਾ।
ਸੀ ਬੌਲਦ ਕਾਬੂ ਮਹਿਰ ਦੇ, ਬੇ ਬੱਸ ਵਿਚਾਰਾ।
ਉਸ ਉਤੇ ਚੋਖਾ ਭਾਰ ਸੀ, ਝਲੇ ਦੁਖਿਆਰਾ।
ਸੀ ਰਾਈਂ ਉੱਤੇ ਭਾਰ ਦੇ, ਭਾਰੇ ਤੋਂ ਭਾਰਾ।
ਮੈਂ ਹਉਕਾ ਭਰਿਆ ਵੇਖ ਕੇ, ਇਹ ਜ਼ੁਲਮ ਨਜ਼ਾਰਾ।
ਪਰ ਕੀ ਕਰਦਾ ਲਾਚਾਰ ਸਾਂ; ਚਲਿਆ ਨਾ ਚਾਰਾ।

ਮੈਂ ਆਖ਼ਿਰ ਆਖਿਆ ਮਹਿਰ ਨੂੰ ਕਿਉਂ ਕਹਿਰ ਕਮਾਵੇਂ।
ਤੂੰ ਬੰਦਾ ਵਿਚ ਮੁਕਾਬਲੇ, ਇਹ ਡੰਗਰ ਭਾਵੇਂ।
ਜਿੰਦ ਤੇਰੇ ਵਰਗੀ ਏਸ ਦੀ, ਪਰ ਰਹਿਮ ਨਾ ਖਾਵੇਂ।
ਕਿਉਂ ਭਾਰ ਭਾਰ ਤੇ ਚਾੜ੍ਹ ਕੇ, ਬੇਦੋਸ਼ ਸਤਾਵੇਂ।

ਜੇ ਭਾਰ ਤੇਰੇ ਤੇ ਲੱਦੀਏ, ਏਸੇ ਦੇ ਸ੍ਵਾਵੇਂ।
ਫਿਰ ਕਿਵੇਂ ਮੁਕਾਵੇਂ ਮੰਜ਼ਲਾਂ, ਕਿਧਰ ਨੂੰ ਜਾਵੇਂ।

ਫਿਰ ਕੀ ਸੀ ਕਾਜੀ ਪੈ ਗਿਆ; ਗਲ ਭਰਿਆ ਪੀਤਾ।
ਨਾ ਅੱਗਾ ਪਿੱਛਾ ਵੇਖਿਆ, ਢਾਹ ਬੌਲਦ ਲੀਤਾ।
ਉਸ ਰੱਖੀ ਛੁਰੀ ਬੇਦੋਸ਼ ਤੇ, ਬਿਸਮਿੱਲਾ ਕੀਤਾ।
ਇਉਂ ਬੇਜ਼ਬਾਨ ਅੜਿੰਗਿਆ, ਜਿਉਂ ਜ਼ਖਮੀ ਚੀਤਾ।
ਜਦ ਮੱਛੀ ਵਾਂਗੂੰ ਤੜਫਿਆ, ਬੌਲਦ ਭੈ ਭੀਤਾ।
ਮੇਰੇ ਅੰਦਰ ਬਦਲਾ ਲੈਣ ਦਾ, ਲਗ ਗਿਆ ਪਲੀਤਾ।

ਮੈਂ ਓਦੋਂ ਤੋਂ ਹਾਂ ਸੜ ਰਿਹਾ, ਕੋਈ ਸਾੜ ਮਿਟਾਓ।
ਜਿਸ ਫੇਰੀ ਛੁਰੀ ਬੇਦੋਸ਼ ਤੇ, ਉਸਨੂੰ ਝਟਕਾਓ।
ਇਹ ਲਾਅਨਤ ਵੱਡੀ ਦੇਸ ਚੋਂ, ਫੜ ਪਾਰ ਪੁਚਾਓ।
ਕੋਈ ਕਰੇ ਵਧੀਕੀ ਕਦੇ ਨਾ, ਹੱਥ ਐਸੇ ਲਾਓ।
ਜੇ ਨਹੀਂ ਤਾਂ ਤੋਲਾ ਸੰਖੀਆ; ਮੇਰੇ ਮੂੰਹ ਪਾਓ ।
ਮੈਨੂੰ ਇਸ ਜੀਵਨ ਤੋਂ ਦੋਸਤੋ, ਆਜ਼ਾਦ ਕਰਾਓ।

ਸੁਣ ਗੁੱਸਾ ਖਾਧਾ ਕੂਕਿਆਂ, ਅਰਦਾਸ ਸੁਧਾਈ।
ਅਸੀਂ ਆਏ ਚੀਨੀ ਵਾਲਿਆ, ਤੇਰੀ ਸ਼ਰਨਾਈ।
ਤੈਨੂੰ ਰਖਿਆ ਦੀਨ ਗਰੀਬ ਦੀ ਹੈ, ਕਰਨੀ ਆਈ।
ਤੂੰ ਹਰ ਦੀ ਔਕੜ ਝੱਲਦੈਂ, ਲੈ ਪੀੜ ਪਰਾਈ।
ਤੂੰ ਰਾਮ ਰੂਪ ਹੈ ਰਾਮ ਤੋਂ, ਦੇ ਰਿਹਾ ਦਿਖਾਈ।
ਜਿਸ ਓਟ ਤਕਾ ਲਈ, ਸਤਗੁਰਾਂ ਜਮ ਤ੍ਰਾਸ ਮਿਟਾਈ।

ਹੇ ਸਤਿਗੁਰ ਨਿਰਬਲ ਅਸੀਂ ਹਾਂ, ਬਲ ਆਪਣਾ ਭਰਦੇ।
ਕੁਝ ਚਿਣਗ ਚਵਾਤੀ ਨਾਮ ਦੀ, ਮਨ ਅੰਦਰ ਧਰਦੇ।
ਅਸੀਂ ਚਿੜੀਆਂ ਵਰਗੇ ਜੀਵ ਹਾਂ, ਬਾਜ਼ਾਂ ਤੁੱਲ ਕਰਦੇ।
ਪਾ ਝਾਤੀ ਨੂਰੀ ਨਜ਼ਰ ਚੋਂ, ਹਾਂ ਕੂਕਰ ਦਰਦੇ।
ਜਿਉਂ ਅੱਗੇ ਆਏ ਸੂਰਮੇ, ਰੱਤ ਕਾਂਗਾਂ ਤਰਦੇ।
ਤਿਉਂ ਤਰਨ ਲਗੇ ਨੇ 'ਚਾਤਰਾ'; ਅੱਜ ਤੇਰੇ ਬਰਦੇ।

ਹੰਡਿਆਏ ਵਾਲੀ ਇੰਦ ਨੇ, ਕੋਠੇ ਤੇ ਚੜ੍ਹ ਕੇ।
ਲਾਹ ਸਿਰ ਤੋਂ ਪੱਲੂ ਫੇਰਿਆ, ਅਣਖਾਂ ਵਿਚ ਸੜ ਕੇ।
ਅਜ ਉੱਠੋ ਮਰਦੋ ਕੂਕਿਓ, ਗੁਰ ਮੰਤਰ ਪੜ੍ਹ ਕੇ।
ਸਿਰ ਦੇ ਕੇ ਲਵੋ ਸ਼ਹੀਦੀਆਂ, ਤਕਦੀਰਾਂ ਘੜਕੇ।
ਜਿਸ ਧਰਮੋਂ ਮੂੰਹ ਨਾ ਮੋੜਿਆ, ਸਿਰ ਦਿੱਤਾ ਲੜ ਕੇ।
ਉਹਦਾ ਧੜ ਵੀ ਧੋੜੇ ਲਾਇਗਾ, ਜ਼ਾਲਮ ਦੇ ਫੜ ਕੇ।

ਫਿਰ ਸੌ ਸਵਾ ਸੌ ਹੋਰ ਵੀ, ਨਿਕਲੇ ਪਰਵਾਨੇ।
ਉਨ੍ਹਾਂ ਪੀਤੇ ਰੇਠੇ ਰਗੜ ਕੇ, ਲਾਹ ਸੰਗ ਬਹਾਨੇ।
ਉਨ੍ਹਾਂ ਅੰਤਿਮ ਮੱਥਾ ਟੇਕਿਆ, ਹੱਥ ਬੱਧੇ ਗਾਨੇ।
ਤੂੰ ਬਿਰਧ ਪਛਾਣੀਂ ਸਤਿਗੁਰ, ਕਿਹਾ ਇਕ ਜ਼ਬਾਨੇ।
ਅਸੀਂ ਆਸ਼ਕ ਤੇਰੇ ਨਾਮ ਦੇ, ਕਮਲੇ ਮਸਤਾਨੇ।
ਸਾਨੂੰ ਬਖ਼ਸ਼ ਸ਼ਹੀਦੀ ਪਾ ਲੀਏ; ਸਿਰ ਨਾਲ ਯਰਾਨੇ।
ਫਿਰ ਲੰਗਰ ਛਕ ਕੇ ਸਾਰਿਆਂ, ਰਾਹ ਪੈਂਡੇ ਮੱਲੇ।
ਬਲ ਬਖਸ਼ੀਂ ਤੇਗ ਬਹਾਦਰਾ, ਹਾਂ ਜੂਝਣ ਚੱਲੇ।
ਸਿਰ ਨਾਲ ਸ਼ਹੀਦੀ ਲਵਾਂਗੇ, ਕਰ ਭਾਅ ਸੁਵੱਲੇ।
ਅਸੀਂ ਲੱਖ ਲੱਖ ਨੂੰ ਸੋਧੀਏ, ਰਣ ਵਿਚ ਇਕੱਲੇ ।
ਸਾਨੂੰ ਸਾਰੀ ਦੁਨੀਆਂ ਆਖਦੀ, ਕਮਲੇ ਤੇ ਝੱਲੇ।
ਪਰ ਲਗੀਆਂ ਵਾਲਾ ਜਾਣਦਾ; ਫੱਟ ਜੀਹਦੇ ਅੱਲੇ।

ਫਿਰ ਹੀਰਾ ਸਿੰਘ ਗਰੇਵਾਲ ਨੇ; ਇਕ ਲੀਕ ਵਗਾਈ।
ਟੱਪ ਲੀਕੋਂ ਗੱਲ ਸਰਦਾਰ ਨੇ, ਇਓਂ ਆਖ ਸੁਣਾਈ।
ਜਿਸ ਧਰਮੋਂ ਮੂੰਹ ਨਾ ਮੋੜਨਾ, ਲੈ ਪੀੜ ਪਰਾਈ।
ਜਿਦੇ ਪਿਉ ਦਾਦੇ ਨੇ ਦੋਸਤੋ, ਨਹੀਂ ਲੀਕ ਲਵਾਈ।
ਜਿਸ ਗਊ ਹੱਤਿਆਰੇ ਵੱਢਣੇ, ਦਿਲ ਪੱਕ ਪਕਾਈ।
ਉਹ ਲੰਘੇ ਏਸ ਲਕੀਰ ਨੂੰ, ਸਿਰ ਦੇਵੇ ਸਾਈਂ।

ਜੋ ਟੱਪੇ ਆਣ ਲਕੀਰ ਤੋਂ, ਸਨ ਇਕ ਸੌ ਚਾਲੀ।
ਜਿਨ੍ਹਾਂ ਅਣਖ ਆਨ ਗੁਰ ਸਿੱਖ ਦੀ; ਸਿਰ ਨਾਲ ਸੰਭਾਲੀ।
ਜਿਨ੍ਹਾਂ ਅੰਦਰ ਲਾਟ ਅਗਮ ਦੀ, ਸਤਿਗੁਰ ਨੇ ਬਾਲੀ।
ਪਏ ਆਖਣ ਚੀਨੀ ਵਾਲਿਆ, ਰਖੀਂ ਰਖਵਾਲੀ।
ਅਸੀਂ ਲੈ ਕੇ ਤੇਰਾ ਆਸਰਾ, ਜੋ ਤੇਗ ਸੰਭਾਲੀ।
ਤੂੰ ਕਰੀਂ ਮੁਰਾਦਾਂ ਪੂਰੀਆਂ, ਰਹਿ ਜਾਵੇ ਲਾਲੀ।

ਤੁਰ ਪਏ ਅਰਦਾਸਾ ਸੋਧ ਕੇ, ਬੰਨ ਸਿਰੀਂ ਮੁੜਾਸੇ ।
ਓ ਸ਼ੇਰਾਂ ਵਾਂਗੂੰ ਬੁਕੱਦੇ, ਸਤਿਗੁਰ ਭਰਵਾਸੇ।
ਜੋ ਅੱਗੇ ਰੌੜ ਅਟਕਿਆ, ਕੀਤਾ ਇਕ ਪਾਸੇ।
ਦੇ ਦਿੱਤੇ ਲਾੜੀ ਮੌਤ ਨੂੰ, ਹਰ ਤਰਾਂ ਦਿਲਾਸੇ।
ਜਿਸ ਰਾਹੋਂ ਕੂਕੇ ਲੰਘਦੇ, ਲੈ ਹੱਥ ਗੰਡਾਸੇ ।
ਪਏ ਜਾਲਮ ਲੁਕਦੇ ਅੰਦਰੀਂ, ਡਰ ਨਾਲ ਹਰਾਸੇ।
ਸੰਨ ਠਾਰਾਂ ਸੌ ਬੱਹਤਰਾਂ ਮਾਘੀ ਦੇ ਪਾਲੇ।
ਜਦ ਪੁੱਜੇ ਅੰਦਰ ਕੋਟਲੇ, ਕੂਕੇ ਮਤਵਾਲੇ।
ਲੰਘ ਕੇ ਢਾਈ ਦਰਵਾਜਿਓਂ, ਹਥਿਆਰ ਸੰਭਾਲੇ।
ਜੋ ਅੜਿਆ ਜਮਪੁਰ ਭੇਜਿਆ; ਕਰ ਮੌਤ ਹਵਾਲੇ।

ਫਿਰ ਬੁੱਚੜਖਾਨੇ ਪਹੁੰਚ ਕੇ, ਉਹ ਹੱਥ ਵਿਖਾਲੇ।
ਜੋ ਰਹਿ ਗਏ ਬੁੱਚੜ ਬੀਜ ਵੀ, ਭੁੱਲੇ ਨਹੀਂ ਹਾਲੇ।
ਪਈ ਹਫਰਾ ਦਫਰੀ ਸ਼ਹਿਰ ਨੂੰ, ਲੋਕੀਂ ਘਬਰਾਏ।
ਇਹ ਕਿੱਥੇ ਜੰਮੇ ਜਮ ਨੇ; ਕੋਈ ਸਮਝ ਨਾ ਆਏ।
ਜਿਸ ਆ ਪਾਜੀ ਨੇ ਸਾਹਮਣੇ, ਹਥਿਆਰ ਉਠਾਏ।
ਉਹਦੀ ਅਜ਼ਲੋਂ ਟੁੱਟੀ ਡੋਰ ਨੂੰ, ਗੰਢ ਕਿਹੜਾ ਲਾਏ।
ਸਿੰਘ ਗੁਰਮੁਖ ਸਿੰਘ ਦੀ ਗੱਲ ਨੇ, ਹੈਸੀ ਚਮਕਾਏ।
ਓਹਨਾਂ ਭਰ ਭਰ ਬੇੜੇ ਜ਼ੁਲਮ ਦੇ, ਰੱਤ ਧਾਰ ਬਹਾਏ।

ਸੁਣ ਆਏ ਵਿਚ ਮੁਕਾਬਲੇ, ਚੁਗਿਰਦੋਂ ਠਾਣੇ।
ਇਕ ਅਹਿਮਦ ਖਾਂ ਕੁਤਵਾਲ ਸੀ, ਕੁਲ ਦੁਨੀਆਂ ਜਾਣੇ।
ਤੇ ਮੁਨਸ਼ੀ ਹਾਫ਼ਜ਼ ਅਲੀ ਵੀ, ਕਰ ਜ਼ੋਰ ਧਿੰਗਾਣੇ।
ਲੈ ਧਾੜ ਪੁਲਸ ਦੀ ਆ ਪਿਆ, ਬਦਲਾਂ ਦੇ ਬਾਣੇ।
ਪਰ ਸਿੰਘਾਂ ਭੰਨੇ ਖੋਪਰੇ, ਜੀਕਣ ਹਦਵਾਣੇ।
ਰੱਤ ਚੱਲੀ ਉੱਠੇ ਬੁਲਬੁਲੇ, ਸਾਗਰ ਸ਼ਰਮਾਣੇ।

ਸੀ ਚਾਹੇ ਖੁਦਾਈਆ ਸੂਰਮਾ, ਆਪਣੇ ਨੂੰ ਕਹਿੰਦਾ।
ਤੇ ਮਰਦ ਸ਼ਹਾਦਤ ਖਾਨ ਵੀ, ਬਣ ਠਣ ਕੇ ਰਹਿੰਦਾ।
ਸੀ ਗਾਜੀ ਅਬਦੁਲ ਰਹੀਮ ਖਾਂ, ਨਿਤ ਕੰਧੀਂ ਖਹਿੰਦਾ।
ਗੁਲਾਮ ਮੁਹੰਮਦ ਸਾਹਮਣੇ, ਸਿਰ ਸੱਟਾਂ ਸਹਿੰਦਾ।
ਸੀ ਸੌ ਸਿਪਾਹੀ ਇਕ ਦੇ, ਨਿੱਤ ਤਾਬੇ ਰਹਿੰਦਾ।
ਇਹ ਗੱਲਾਂ ਮੁਲਕਲਾ ਮੌਤ ਤੋਂ ਵੀ ਨਹੀਂ ਸੀ ਢਹਿੰਦਾ।

ਪਰ ਕੂਕੇ ਖੱਫਣ ਬੰਨ੍ਹ ਕੇ, ਰਣ ਵਿਚ ਲਲਕਾਰੇ।
ਲੈ ਆਓ ਬੁੱਚੜੋ ਆਪਣੇ; ਕੁੱਲ ਯਾਰ ਪਿਆਰੇ।
ਅਸੀਂ ਇੱਕੋ ਵਾਰੀ ਮਾਰਕੇ; ਲਾਹ ਸੁਟੀਏ ਭਾਰੇ।
ਅਸੀਂ ਫਰਜ਼ ਨਿਭਾ ਕੇ ਪੁੱਜੀਏ, ਸਤਿਗੁਰੂ ਦੁਆਰੇ।
ਜੋ ਗਊ ਗਰੀਬਾਂ ਵਾਸਤੇ, ਹੈਸੀ ਹਤਿਆਰੇ।
ਉਹ ਸਿੰਘਾਂ ਦੀ ਤਲਵਾਰ ਨੇ, ਚੁਣ ਚੁਣ ਕੇ ਮਾਰੇ।

ਜੋ ਅਣਖੀ ਮਾਂ ਦਾ ਪੁੱਤ ਹੈ, ਉਹ ਆਵੇ ਅੱਗੇ।
ਅੱਜ ਤੇਗ ਅਸਾਡੀ ਦੁਸ਼ਟ ਨੂੰ, ਰਣ ਅੰਦਰ ਠੱਗੇ।
ਅਸੀਂ ਸੱਟਾਂ ਮਾਰ ਬਹਾਈਏ; ਖਾਨਾਂ ਦੇ ਘੱਗੇ।
ਅਸੀਂ ਮੌਤਾਂ ਅੰਦਰ ਸ਼ਹਿਰ ਦੇ, ਵੰਡਣ ਹਾਂ ਲੱਗੇ।
ਕੋਈ ਰਹੇ ਨਾ ਵਿਰਵਾ ਛਾਂਦਿਓ; ਲੌ ਪੂਰੇ ਸੱਗੇ।
ਅਸੀਂ ਆਏ ਅੱਜ ਛੁਡਾਉਣ ਹਾਂ, ਗਊਆਂ ਤੇ ਢੱਗੇ।

ਵਧ ਹੀਰਾ ਸਿੰਘ ਗਰੇਵਾਲੀਆ, ਤਲਵਾਰ ਚਲਾਵੇ।
ਉਹਦਾ ਵਾਰ ਇਕੱਲਾ ਦੌਂਹ ਨੂੰ, ਧਰਤੀ ਤੇ ਪਾਵੇ।
ਤੇ ਲਹਿਣਾ ਸਿੰਘ ਵੀ ਜਿਸਨੂੰ, ਕਢ ਮੌਤ ਵਿਖਾਵੇ।
ਉਹ ਦੋ ਗਜ਼ ਧਰਤੀ ਮੰਗਦਾ, ਛਡ ਕੂੜੇ ਦਾਵੇ।
ਇਹ ਦੋਵੇਂ ਮੌਤਾਂ ਵੰਡਦੇ, 'ਚਾਤਰ' ਵਰਤਾਵੇ ।
ਜੋ ਕਰੇ ਚੜ੍ਹਾਈ ਇਨ੍ਹਾਂ ਤੇ, ਦੋਜ਼ਕ ਵਿਚ ਜਾਵੇ।

ਸੀ ਮਾਈ ਭਾਗੋ ਵਾਂਗਰਾਂ, ਇੰਦ ਕੌਰਾਂ ਲੜਦੀ।
ਉਸ ਹਥ ਗੰਡਾਸਾ ਪਕੜਿਆ, ਲਾਹ ਪਾਸਾ ਖੜਦੀ।
ਉਹ ਜਿੱਧਰ ਜਿੱਧਰ ਝੂੰਮਦੀ, ਗੁਰਮੰਤਰ ਪੜ੍ਹਦੀ।
ਬਸ ਓਧਰ ਓਧਰ ਟੁੱਟਦੀ, ਲੱਗੀ ਸਿਰ ਧੜ ਦੀ।
ਉਹ ਪਈ ਕਮਾਲ ਵਿਖਾਲਦੀ, ਨੈ ਬਣ ਕੇ ਹੜ੍ਹ ਦੀ।
ਜਿੰਦ ਕੱਢੇ ਜਿਸ ਵਰਿਆਮ ਦੀ, ਮੁੜ ਕੇ ਨਾ ਵੜਦੀ।

ਹਰ ਕੂਕਾ ਹੈਸੀ ਜਾਪ ਦਾ, ਨਲੂਏ ਦੀ ਨਿਆਈਂ।
ਹੱਥ ਸ਼ਸਤਰ ਭਿੱਜੇ ਰੱਤ ਦੇ, ਦਿਸ ਰਹੇ ਬਲਾਈਂ।
ਜਾ ਜਿੱਥੇ ਜਿੱਥੇ ਕੂਕਦੇ, ਮੌਤਾਂ ਦੇ ਸਾਈਂ।
ਓਹ ਕਾਤਲ ਡਿੱਗੇ ਜਿਨ੍ਹਾਂ ਨੇ, ਕਤਲਾਈਆਂ ਗਾਈਂ।
ਸੀ ਜਿਸ ਨੇ ਬੋਲਦ ਲੱਦਿਆ, ਪਾ ਭਾਰ ਅਜਾਈਂ।
ਉਹ ਬਿਦ ਕੇ ਸਿੰਘਾਂ ਮਾਰਿਆ, ਕਾਜ਼ੀ ਤੇ ਰਾਈਂ।
ਜਦ ਘੜੀਆਂ ਅੰਦਰ ਖਾਲਸੇ, ਪਾ ਗਏ ਭਸੂੜੀ।
ਤਦ ਵਿਛੀ ਕਸਾਈਆਂ ਦੇ ਘਰੀਂ, ਇਕ ਵੱਲੋਂ ਫੂੜੀ।
ਜੋ ਸਮਝਣ ਗਊ ਗਰੀਬ ਨੂੰ, ਹਲਵਾ ਤੇ ਪੂੜੀ।
ਓਹ ਧਰਤ ਸੁਵਾਏ ਕੂਕਿਆਂ, ਦੇ ਨੀਂਦਰ ਗੂੜ੍ਹੀ।
ਜਿਸ ਮਾਫੀ ਮੰਗੀ ਪੰਥ ਤੋਂ, ਮੂੰਹ ਲੈ ਕੇ ਤੂੜੀ।
ਉਹ ਸਹੀ ਸਲਾਮਤ ਘਰ ਗਿਆ, ਲੈ ਕੇ ਜਿੰਦ ਮੂੜੀ।

ਇਉਂ ਲੜਦੇ ਭਿੜਦੇ ਖਾਲਸੇ, ਰੜ ਅੰਦਰ ਆਏ।
ਆ ਥੇਹ ਤੇ ਕਮਰਾਂ ਖੋਲ੍ਹੀਆਂ, ਲੱਖ ਸ਼ੁਕਰ ਮਨਾਏ।
ਆ ਵਿਚ ਮਿਆਨ ਭਗਉਤੀਆਂ, ਨਿਸ਼ਾਨ ਝੁਲਾਏ।
ਤੂੰ ਧੰਨ ਧੰਨ ਚੀਨੀ ਵਾਲਿਆ, ਜਿਸ ਸਿਦਕ ਪੁਗਾਏ।
ਜੋ ਬੋਲ ਜ਼ਬਾਨੋਂ ਕਹੇ ਸੀ, ਸਿਰ ਨਾਲ ਨਿਭਾਏ।
ਜੱਸ ਤੇਰਾ ਦੇਸ਼ ਪੁਜਾਰੀਆ, ਜਗ ਕਿਉਂ ਨਾ ਗਾਏ।
ਆ ਲੱਗਾ ਮੇਲਾ ਥੇਹ ਤੇ, ਚਲ ਸੰਗਤਾਂ ਆਈਆਂ।
ਉਨ੍ਹਾਂ ਪੀਤੇ ਗ੍ਹਾੜੇ ਰਗੜ ਕੇ, ਸੁੱਖੇ ਸ਼ਰਦਾਈਆਂ।
ਫਿਰ ਆਖਿਆ ਹੀਰਾ ਸਿੰਘ ਨੇ, ਦੇ ਰਾਮ ਦੁਹਾਈਆਂ।
ਨਾ ਮਰਦ ਮੈਦਾਨੋਂ ਭੱਜਦੇ, ਲੱਖ ਹੋਣ ਬਲਾਈਆਂ।

ਜੋ ਤੇਗ ਬਹਾਦਰ ਗੁਰੂ ਤੋਂ, ਲੀਕਾਂ ਲਿਖਵਾਈਆਂ।
ਉਹ ਕੂਕ ਕੂਕ ਕੇ ਕੂਕਿਆਂ; ਸਿਰ ਨਾਲ ਨਿਭਾਈਆਂ।

ਜਿਨ੍ਹਾਂ ਸੀਸ ਵਾਰਨਾਂ ਧਰਮ ਤੋਂ, ਉਫ ਰਤਾ ਨ ਕਰਨੀ।
ਜਿਨ੍ਹਾਂ ਮਰਨਾਂ ਵਿੱਚ ਮੈਦਾਨ ਦੇ, ਮਰਦਾਂ ਦੀ ਮਰਨੀ।
ਜਿਨ੍ਹਾਂ ਕਾਰ ਗੁਜਾਰੀ ਆਪਣੀ, ਸਿਰ ਦੇ ਕੇ ਭਰਨੀ।
ਜਿਨ੍ਹਾਂ ਨਾਰ ਸ਼ਹੀਦੀ ਲਾੜਿਆਂ, ਹਸ ਹਸ ਕੇ ਵਰਨੀ।
ਜਿਨ੍ਹਾਂ ਪੀੜ ਪਰਾਈ ਆਪਣੀ, ਛਾਤੀ ਤੇ ਜਰਨੀ।
ਉਹ ਰਹਿਣ ਜਿਨ੍ਹਾਂ ਨੇ ਲੱਗਣਾਂ, ਸਤਿਗੁਰ ਦੀ ਚਰਨੀ।

ਇਹ ਕਹਿੰਦੇ ਕਹਿੰਦੇ ਜੋਸ਼ ਖਾ, ਸਭ ਸੂਰੇ ਆਏ।
ਆ ਠਾਣੇ ਨੇੜੇ ਗੱਜ ਕੇ, ਜੈਕਾਰੇ ਲਾਏ।
ਜਿਨ੍ਹਾਂ ਵਿੱਚ ਮਲੇਰ ਕੋਟਲੇ, ਸ਼ਸਤਰ ਚਮਕਾਏ।
ਜਿਨ੍ਹਾਂ ਵੱਢ ਵੱਢ ਬੁਚੜ ਆਕੜੇ, ਧਰਤੀ ਤੇ ਪਾਏ।
ਜਿਨ੍ਹਾਂ ਭਰ ਭਰ ਬੇੜੇ ਜ਼ੁਲਮ ਦੇ; ਰੱਤ ਧਾਰ ਵਹਾਏ।
ਕਰ ਹਿੰਮਤ ਫੜ ਲੌ ਪੁਲਸੀਓ, ਸ਼ੇਰਾਂ ਦੇ ਜਾਏ ॥

ਅਸੀਂ ਚਾਹੁੰਦੇ ਹਾਂ ਸੰਸਾਰ ਨੂੰ, ਮਰ ਕੇ ਵੀ ਦੱਸੀਏ।
ਤੱਕ ਮੌਤ ਖਲੋਤੀ ਸਾਹਮਣੇ, ਖਿੜ ਖਿੜ ਕੇ ਹੱਸੀਏ।
ਅਸੀਂ ਫਾਂਸੀ ਤੋਪਾਂ ਵੇਖ ਕੇ, ਹਮ ਕਮਰਾਂ ਕਸੀਏ।
ਹਾਂ ਚੀਨੀ ਵਾਲੇ ਗੁਰੂ ਦੇ, ਸਤਸੰਗੀ ਰਸੀਏ।
ਅਸੀਂ ਆਸ਼ਕ ਉਸਦੇ ਨਾਮ ਦੇ ਸੁਰਤੀ ਵਿਚ ਫਸੀਏ।
ਹੁਣ ਸਿਰੋਂ ਪਰੇਰੇ ਖੇਡ ਕੇ, ਚਰਨਾਂ ਵਿਚ ਵਸੀਏ।
ਆ ਘੇਰੇ ਪੁਲਸੀ ਧਾੜ ਨੇ, ਆਸ਼ਕ ਪਰਵਾਨੇ।
ਤਕ ਲੱਗਾ ਸ਼ਗਨ ਸ਼ਹਾਦਤੀ, ਨੱਚੇ ਮਸਤਾਨੇ।
ਨਾ ਕਣ ਭਰ ਕੀਤੇ ਕਿਸੇ ਵੀ, ਸੰਗ ਸ਼ਰਮ ਬਹਾਨੇ।
ਸਨ ਸੱਤਰ ਜਿਨ੍ਹਾਂ ਪਾਲਣੇ, ਸਿਰ ਨਾਲ ਯਰਾਨੇ।
ਪਏ ਆਖਣ ਚੀਨੀ ਵਾਲਿਆ, ਲੈ ਸੀਸ ਬਿਆਨੇ।
ਦੇਹ ਦਾਤ ਹੱਸਕੇ ਨਾਮ ਦੀ, ਲਗ ਜਾਣ ਨਿਸ਼ਾਨੇ।

ਚੌ ਪਾਸੀਂ ਤਾਰਾਂ ਖੜਕੀਆਂ, ਜਗ ਧੁੰਮਾਂ ਪਈਆਂ।
ਜੋ ਬੁੱਚੜ ਵਢੇ ਵਿਅਕਤੀਆਂ, ਉਹ ਫੜੀਆਂ ਗਈਆਂ।
ਉਨ੍ਹਾਂ ਆਪੇ ਮੂੰਹੋਂ ਮੰਗ ਕੇ, ਗ੍ਰਿਫਤਾਰੀਆਂ ਲਈਆਂ।
ਉਹ ਹਾਲੇ ਤੱਕ ਵੀ ਜ਼ੁਲਮ ਤੇ, ਲੈਂਦੇ ਨੇ ਝਈਆਂ।
ਸੀ ਜਾਨ ਬਚਾ ਲੌ ਆਖਿਆ, ਰਲ ਮਿਲ ਕੇ ਕਈਆਂ।
ਪਰ ਈਨਾਂ ਮੂਲ ਨਾ ਮੰਨੀਆਂ, ਸਿਰਲੱਥ ਮੁਦਈਆਂ।

ਮੁੜ ਆਏ ਸਾਰੇ ਕੋਟਲੇ, ਅਣਖੀਲੇ ਕੂਕੇ।
ਜੋ ਅਣਖ ਪਕਾਉਣੀ ਜਾਣਦੇ; ਦੇ ਸੀਸ ਝਲੂਕੇ।
ਜਿਨ੍ਹਾਂ ਬੁੱਚੜ ਕੁੱਲ ਪੰਜਾਬ ਦੇ, ਇਕ ਵੱਢੋਂ ਫੂਕੇ।
ਤੱਕ ਜਿਨ੍ਹਾਂ ਨੂੰ ਜਮਰਾਜ ਵੀ, ਚੂਚੇ ਜਿਉਂ ਚੂਕੇ।
ਜੋ ਫਨੀਅਰ ਵਾਂਗੂੰ ਜ਼ੁਲਮ ਦੇ, ਸਿਰ ਚੜ੍ਹ ਕੇ ਸ਼ੂਕੇ।
ਜਿਨ੍ਹਾਂ ਧਾਂਕ ਬਹਾਈ ਧਰਮ ਦੀ, ਕੁਲ ਪਾਪ ਝਲੂਕੇ।
ਹਨ ਚਿਹਰੇ ਉੱਤੇ ਲਾਲੀਆਂ, ਨਾ ਮੂਲ ਉਦਾਸੇ ।
ਹੈ ਮਰਨ ਮੁਨਸਾਂ ਸੂਰਿਆਂ, ਸਤਿਗੁਰ ਭਰਵਾਸੇ।
ਪਏ ਕਹਿਣ ਸ਼ਹੀਦੀ ਪੀਣ ਨੂੰ, ਸਿਰ ਕਰਨੇ ਕਾਸੇ ।
ਅਸੀਂ ਜਾਨ ਟਿਕਾ ਕੇ ਤਲੀ ਤੇ, ਖੇਲਾਂਗੇ ਪਾਸੇ ।
ਸਾਨੂੰ ਪੈਰੋਂ ਕੱਢ ਨ ਸਕਦੇ, ਲਾਲਚ ਤੇ ਝਾਸੇ ॥
ਸਿਰ ਨਾਲ ਨਿਭਾਵਾਂਗੇ, ਸਦਾ, ਕਰ ਬਚਨ ਖੁਲਾਸੇ।

ਲੈ ਆਂਦੇ ਘੇਰ ਜਮਾਲਪੁਰ, ਮੌਤਾਂ ਦੇ ਸਾਈਂ।
ਜਿਨ੍ਹਾਂ ਸੀਸ ਟਿਕਾ ਕੇ ਤਲੀ ਤੇ, ਛੁਡਵਾਈਆਂ ਗਾਈਂ।
ਜਿਨ੍ਹਾਂ ਧੱਕਾ ਹੁੰਦਿਆਂ ਰੋਕਿਆ, ਵਿਚ ਸ਼ਹਿਰ ਗਿਰਾਈਂ।
ਜੋ ਇਕ ਦਿਨ ਬੁੱਚੜਾਂ ਵਾਸਤੇ, ਸੀ ਬਣ ਬਲਾਈਂ।
ਓਹਨਾਂ ਦਿਲ ਦੇ ਵਿੱਚ ਵਸਾ ਕੇ, ਗੁਰ ਕੂਕੇ ਤਾਈਂ ।
ਕਿਹਾ ਕਿਣਕਾ ਆਪਣੀ ਮਿਹਰ ਦਾ, ਸਾਡੇ ਸਿਰ ਪਾਈਂ।

ਨੌਂ ਤੋਪਾਂ ਵਿੱਚ ਮੁਕਾਬਲੇ, ਬਣ ਠਣ ਕੇ ਆਈਆਂ।
ਜੋ ਮਣ ਮਣ ਦਾਰੂ ਖਾਂਦੀਆਂ, ਚਲਣ ਹਲਕਾਈਆਂ।
ਤਕ ਕਿਲ੍ਹੇ ਜਿਨ੍ਹਾਂ ਦੀ ਚੱਲ ਨੂੰ ਡਿਗਣ ਵਿਚ ਖਾਈਆਂ।
ਜੋ ਪਰਬਤ ਵੇਖਣ ਸਾਹਮਣੇ, ਚਲ ਜਾਣ ਹਵਾਈਆਂ।
ਓਹ ਰਣ ਚੰਡੀ ਦੀਆਂ ਚੇਲੀਆਂ, ਮੌਤਾਂ ਮੂੰਹ ਲਾਈਆਂ।
ਨਾ ਜਾਗੇ ਧਰਤੀ ਜਿਸ ਥਾਂ, ਇਹ ਜਾਣ ਚਲਾਈਆਂ।

ਝੱਟ ਗਿਰਦੇ ਸਾਢੇ ਸੱਤ ਸੋ, ਖੜ ਗਏ ਜਰਵਾਣੇ।
ਪਟਿਆਲਾ ਨਾਭਾ ਜੀਂਦ ਦੇ, ਓਹ ਆਦਮ ਖਾਣੇ।
ਇਹ ਪੁਲਸ ਬੜੀ ਸ਼ਾਹਜ਼ੋਰ ਸੀ, ਕੁਲ ਆਲਮ ਜਾਣੇ।
ਰਗ ਰਗ ਵਿਚ ਕਈ ਸ਼ਰਾਰਤਾਂ, ਕਰਦੇ ਮਨ ਮਾਣੇ।
ਜਿਉਂ ਫੁੱਲਾਂ ਗਿਰਦੇ ਰੱਖਦੇ, ਕਰ ਵਾੜ ਸਿਆਣੇ।
ਤਿਉਂ ਚੱਪੇ ਚੱਪੇ, 'ਚਾਤਰਾ' ਬੈਠੇ ਸੀ ਠਾਣੇ।

ਕੀ ਕਾਵਨ ਨਾਂ ਅੰਗਰੇਜ਼ ਦਾ, ਬਣ ਡੀ.ਸੀ. ਆਇਆ।
ਉਸ ਚਾਰ ਚੁਫੇਰ ਢੰਡੋਰਚਾ, ਘੱਲ ਢੋਲ ਵਜਾਇਆ।
ਉਹ ਦੋਸ਼ੀ ਤੋਪਾਂ ਸਾਹਮਣੇ, ਜਾਸੀ ਉਡਵਾਇਆ।
ਜਿਸ ਕੀਤਾ ਵਿਚ ਪੰਜਾਬ ਦੇ, ਆ ਅਮਨ ਸਫਾਇਆ।
ਜਿਸ ਤਕਣੀਆਂ ਤੋਪਾਂ ਚਲਦੀਆਂ, ਮਨ ਸ਼ੌਕ ਸਵਾਇਆ।
ਆ ਵੇਖਣ ਵਿਚ ਮੈਦਾਨ ਦੇ, ਕਾਵਨ ਦੀ ਮਾਇਆ।

ਜਿਨ੍ਹਾਂ ਮਨ ਵਿਚ ਡਰ ਅੰਗਰੇਜ਼ ਦਾ, ਨ ਰਖਿਆ ਮਾਸਾ।
ਜਿਨ੍ਹਾਂ ਵੱਢਿਆ ਵਿੱਚ ਪੰਜਾਬ ਦੇ, ਬੁੱਚੜਾਂ ਦਾ ਪਾਸਾ।
ਜਿੰਦ ਲੈਣੀ ਦੇਣੀ ਜਿਨ੍ਹਾਂ ਦਾ, ਬਣਿਆ ਸੀ ਹਾਸਾ।
ਜੋ ਜਗ ਵਿਚ ਵੱਡੇ ਖਾੜਕੂ , ਸਿਰ ਧਾਰ ਮੁੜਾਸਾ।
ਉਹ ਉੱਡਦੇ ਤੋਪਾਂ ਸਾਹਮਣੇ, ਧਰ ਗੁਰ ਭਰਵਾਸਾ।
ਆ ਵੇਖਣ ਜਿਨ੍ਹਾਂ ਵੇਖਣਾ, ਅਸਚਰਜ ਤਮਾਸ਼ਾ।

ਇਹ ਢੋਲ ਢਮੱਕਾ ਸੁਣਦਿਆਂ, ਸਭ ਵੇਖਣ ਆਏ।
ਕਿੰਝ ਹੱਸ ਹੱਸ ਜਾਨਾਂ ਵਾਰਦੇ, ਮਾਵਾਂ ਦੇ ਜਾਏ।
ਕਿੰਝ ਝਗੜ ਝਗੜ ਕੇ ਸੂਰਮਾਂ, ਛਾਤੀ ਅਕੜਾਏ।
ਕਿੰਝ ਤੋਪਾਂ ਨਾਲ ਲੜਾਉਣਗੇ, ਨੇਤਰ ਨਸ਼ਿਆਏ।
ਇਕ ਸਿੱਖ ਸੁਣੀਂ ਦਾ ਸੂਰਮਾ, ਲੱਖਾਂ ਨੂੰ ਖਾਏ।
ਅਜ ਤੱਕੀਏ ਗੋਲਾ ਤੋਪ ਦਾ, ਕਿਸ ਤਰ੍ਹਾਂ ਚਬਾਏ।

ਦੋ ਤੋਪਾਂ ਵਿਚ ਮੁਕਾਬਲੇ, ਮੈਦਾਨੀ ਆਈਆਂ।
ਕਿਤੇ ਕੂਕੇ ਦੂਰੋਂ ਨੇੜਿਓਂ, ਨਾ ਕਰਨ ਚੜ੍ਹਾਈਆਂ।
ਜੇ ਮਿਲ ਕੇ ਹੱਲਾ ਮਾਰਿਆ, ਭੈਣੀ ਦਿਆਂ ਸਾਂਈਆਂ।
ਤਾਂ ਉਸ ਵੇਲੇ ਕਲਜੋਗਣਾਂ, ਇਹ ਜਾਣ ਚਲਾਈਆਂ।
ਪਰ ਜਿਨ੍ਹਾਂ ਜਾਨਾਂ ਤਲੀ ਤੇ, ਦਿਲ ਧਾਰ ਟਿਕਾਈਆਂ।
ਓਹ ਕਦੇ ਨਾ ਹੁੰਦੇ ਚਾਤਰਾ', ਮੋਹਰਾਂ ਤੋਂ ਪਾਈਆਂ।

**ਪਉੜੀ**

ਤੱਕ ਬੱਝੇ ਆਣ ਨਜਾਰੇ, ਵਿਚ ਮੈਦਾਨ ਦੇ।
ਆ ਮੌਤਾਂ ਦੇ ਖੜਕਾਰੇ, ਸੰਗਲ ਖੜਕ ਦੇ।
ਇਓ ਕੂਕੇ ਗਏ ਖਲ੍ਹਾਰੇ, ਤੋਪਾਂ ਸਾਹਮਣੇ,
ਜਿਉਂ ਰਾਂਝੇ ਹੀਰ ਦੁਆਰੇ, ਤਲਬ ਦੀਦਾਰ ਦੀ।
ਜਾਂ ਬਣ ਠਣ ਰਾਜ ਦੁਲਾਰੇ, ਖੜੇ ਸਵੰਬਰੀਂ
ਜਾਂ ਮੰਡੀ ਵਿਚ ਵਣਜਾਰੇ, ਸੌਦਾ ਮਾਰਦੇ ।
ਸੀ ਭਾਵੇਂ ਸੌ ਹਤਿਆਰੇ, ਲਾਂਭੀ ਗਾਰਦਾਂ।
ਪਰ ਚਾਤਰ ਮਰਦ ਮੁਨਾਰੇ, ਰਤਾ ਨਾ ਡੋਲਦੇ।

ਦੇਹ ਤੂੰਬਿਆਂ ਵਾਂਗ ਉਡਾਈ, ਤੋਪਾਂ ਚਲ ਕੇ।
ਪਰ ਮਰਦਾਂ ਅਣਖ ਵਿਖਾਈ, ਆਣ ਕਮਾਲ ਦੀ।
ਨਾ ਅੱਖ ਜਰਾ ਝਮਕਾਈ, ਸ਼ੇਰਾਂ ਕੂਕਿਆਂ।
ਜਿੰਦ ਨਿਕਲੇ ਵਾਂਗ ਹਵਾਈ, ਜਾਵੇ ਅਰਸ਼ ਨੂੰ।

ਜਾ ਸੂਰਜ ਵਿਚ ਸਮਾਈ, ਕਾਰ ਜੁਆਨ ਦੀ।
ਉਸ ਕਰ ਦਿੱਤੀ ਰੁਸ਼ਨਾਈ, ਸਾਰੇ ਦੇਸ਼ ਤੇ।
ਬਈ ਜਿਨ੍ਹਾਂ ਜਾਨ ਲੜਾਈ, ਫਰਜ਼ ਪਛਾਣ ਕੇ।
ਇਸ ਜਗ ਤੇ ਧੰਨ ਕਮਾਈ; ਚਾਤਰ ਉਨ੍ਹਾਂ ਦੀ।

ਇਕ ਕੂਕਾ ਹੈਸੀ ਆਇਆ, ਨੀਵੇਂ ਕੱਦ ਦਾ।
ਉਸ ਆਪੇ ਥੜਾ ਬਨਾਇਆ, ਇੱਟਾਂ ਜੋੜ ਕੇ।
ਰੰਗ ਹੋਇਆ ਦੂਣ ਸਵਾਇਆ, ਖਾਰੇ ਚੜ੍ਹਦਿਆਂ।
ਜੋ ਮਰਦ ਵਿਖਾਲੀ ਮਾਇਆ, ਵੇਖੀ ਸਾਰਿਆਂ।
ਜਿਨ ਲਾਹ ਕੇ ਸੀਸ ਟਿਕਾਇਆ, ਉੱਤੇ ਤਲੀ ਤੇ।
ਉਸ ਭੇਤ ਸੱਜਣ ਦਾ ਪਾਇਆ, ਆਸ਼ਕ ਮਰਦ ਨੇ।
ਪਰ ਉਹ ਵੀ ਸਫਨ ਸਫਾਇਆ, ਕੀਤਾ ਤੋਪ ਨੇ।
ਨਾ ਪਿੱਛੇ ਪੈਰ ਹਟਾਇਆ, ਚਾਤਰ ਯਾਰ ਨੇ।

ਬਾਰਾਂ ਤੇਰਾਂ ਵਰੇ ਦਾ, ਨਾਂ ਬਿਸ਼ਨ ਸਿੰਘ ਬਲਕਾਰੀ।
ਵੇਖ ਖਲੋਤਾ ਸਾਹਮਣੇ ਦਿਲ ਮੇਮ ਫਿਰੀ ਕਟਾਰੀ।
ਨਾਲ ਇਸ਼ਾਰੇ ਸੱਦਿਆ, ਦੱਸੀ ਉਹਨੂੰ ਦਿਲ ਦੀ ਸਾਰੀ।
ਜੇ ਆਖੇ ਮੈਂ ਨਾ, ਰਾਮ ਸਿੰਘ ਦੀ ਸਿੱਖੀ ਧਾਰੀ।
ਮੈਂ ਨਹੀਂ ਕਰਾਂਗਾ, ਕੂਕਿਆਂ ਦੀ ਕਾਰ ਗੁਜਾਰੀ।
ਮਾਫੀ ਮੰਗ ਬਚਾ ਲੈ, ਸੋਹਲ ਸੁੱਣਖੀ ਜਿੰਦ ਪਿਆਰੀ।
ਇਸ ਦੁਨੀਆਂ ਤੇ ਮੂਰਖਾ, ਕੋਈ ਨਾ ਆਇਆ ਦੂਜੀ ਵਾਰੀ
ਇਸ ਲਈ ਬਿਨਾਂ ਵਿਚਾਰਿਉਂ, ਲਾ ਨਾ ਜਾਵੀਂ ਕਿਤੇ ਉਡਾਰੀ
ਇਵੇਂ ਸਿੰਘ ਨੂੰ ਮੇਮ ਪੁਕਾਰੀ।
ਸੁਣ ਕੇ ਗੱਲ ਜੁਵਾਨ ਨੇ, ਕਿਹਾ ਮੇਮ ਨੂੰ ਏਵੇਂ ਕਰਸਾਂ।
ਪਰ ਮੈਂ ਲੋਕਾਂ ਸਾਹਮਣੇ, ਕਿੱਦਾਂ ਲਫਜ਼ ਜ਼ਬਾਨੋਂ ਧਰਸਾਂ।
ਕੰਨ ਵਿਚ ਕਹੋ ਤਾਂ ਕਹਿ ਦਿਆਂ; ਉਚਾ ਸਾਹ ਕਦੇ ਨਾ ਭਰਸਾਂ
ਮੈਂ ਵੀ ਆਖਰ ਸਿੰਘ ਹਾਂ, ਸਿੰਘਾਂ ਵਾਂਗਰ ਹੀ ਰੱਤ ਤਰਸਾਂ।
ਸਿੰਘਾਂ ਵਾਂਗ ਵੰਗਾਰ ਕੇ, ਹੱਸ ਹੱਸ, ਨਾਰ ਸ਼ਹੀਦੀ ਵਰਸਾਂ
ਇਕ ਗੋਲਾ ਕੀ, ਲੱਖ ਵੀ ਆਵੇ, ਤਾਂ ਛਾਤੀ ਤੇ, ਜਰਸਾਂ।
ਡਰਦੇ ਡੂੰਮ ਡਰਾਵਿਓਂ, ਮੈਂ ਨਾ ਮੌਤੋਂ ਹਰਗਿਜ਼ ਡਰਸਾਂ।
ਮਰਦਾਂ ਵਾਂਗ ਮੈਦਾਨੇ ਮਰਸਾਂ।

ਜਦ ਇਹ ਬਣਤ ਬਣਾਈ, ਕੰਨ ਵਿੱਚ ਕਹਿਣ ਦੀ।
ਉੱਡ ਕੇ ਵਾਂਗ ਹਵਾਈ, ਪਹੁੰਚਾ ਸੂਰਮਾ।
ਜਾਂਦੇ ਪਕੜ ਹਿਲਾਈ, ਦਾੜ੍ਹੀ ਸਾਹਿਬ ਦੀ।
ਕੁਰਲਾਹਟ ਓਸ ਮਚਾਈ, ਰੋਕੋ, ਏਸ ਨੂੰ।
ਭੱਜੇ ਆਏ ਕਸਾਈ, ਅਫਸਰ ਪੁਲਿਸ ਦੇ।
ਸਿੰਘ ਨੇ ਵੀ ਪੁਚਾਈ, ਛੱਡੀ ਮੂਲ ਨਾ।
ਆਖੇ ਰਾਮ ਦੁਹਾਈ, ਲੋਕੋ ਸੁਣ ਲਵੋ।
ਇਕੋ ਰਾਸ ਬਣਾਈ, ਕੂਕੇ ਕਾਲ ਦੀ।

ਹਰਨਾਮ ਸਿੰਘ ਇੱਕ ਲਾਲ, ਗੁਰੂ ਦਾ ਖਾਲਸਾ।
ਓ ਤੁਰਿਆ ਰੜ ਤੋਂ ਨਾਲ, ਸੀ ਲੈ ਕੇ ਲਾਲਸਾ।
ਮੈਂ ਰਚ ਅਖਾੜਾ, ਮੰਗ, ਹੈ ਮੌਤ ਵਿਆਹੁਣੀ।
ਮੈਂ ਘੱਲਾਂ ਵੀਰਾਂ ਸੰਗ, ਇਹ, ਜਿੰਦ, ਪਰਾਹੁਣੀ।
ਮੈਨੂੰ ਹਟਕੇ ਕੋਈ ਨਾ ਵੀਰ, ਵਿਖਾਵਾਂ ਖੇਲ ਕੇ।
ਗੁਰ ਦਿਲ ਨੂੰ ਦਿੱਤੀ ਧੀਰ, ਤੁਹਾਨੂੰ ਮੇਲ ਕੇ।
ਲੈ ਮੈਨੂੰ ਆਪਣੇ ਨਾਲ, ਤੁਰੋ, ਸਤ ਸੰਗੀਓ ।
ਮੈਂ ਜ਼ੋਰਾਵਰ ਜਿਹਾ ਬਾਲ, ਬਣਾਂਗਾ ਜੰਗੀਓ ।

ਇਹ ਗੁਰਮੁਖ, ਰੜ ਦਾ ਵਾਸੀ; ਹੈਸੀ ਸੂਰਮਾ।
ਸੀ ਮਰਦਾਂ ਵਾਂਗੂੰ , ਹਾਸੀ ਜਾਣੇ ਮੌਤ ਨੂੰ ।
ਸੀ ਸੱਚਾ ਗੁਰ ਅਬਿਨਾਸੀ, ਹਰਦਮ ਸਿਮਰਦਾ।
ਵਾਹ ਅੰਦਰ ਪੂਰਨਮਾਸ਼ੀ, ਜੋਤ ਅਗੰਮ ਦੀ।
ਪਿਆ ਆਖੇ ਕਰੋ ਖਲਾਸੀ, ਗੋਲਾ ਮਾਰ ਕੇ।
ਮੇਰਾ ਸਿਮਰਨ ਕੇਸੀਂ ਸਾਸੀ, ਨਿਭ ਜਾਏ ਦੋਸਤੋ।
ਇਉਂ ਉੱਡਿਆ ਉਹ ਵਿਸਵਾਸ਼ੀ, ਕੂਕਾ ਬਾਲਕਾ।
ਜਿਉਂ 'ਚਾਤਰ' ਚੜ੍ਹੇ ਅਕਾਸ਼ੀ, ਰਾਕਟ ਰੂਸ ਦਾ।

ਇਉਂ ਵਾਰੀ ਵਾਰੀ ਕੂਕਿਆਂ, ਕੁਰਬਾਨੀ ਦਿੱਤੀ।
ਜੋ ਆਗਿਆ ਆਈ ਇਸ਼ਟ ਦੀ, ਕਰ ਪੂਰੀ ਲੀਤੀ।
ਇਹ ਬਾਜ਼ੀ ਵਿਚ ਮੈਦਾਨ ਦੇ, ਜਿੰਦ ਲਾ ਕੇ ਜਿੱਤੀ।
ਨਾ ਰਤਾ ਭੁਲਾਈ ਆਤਮਾਂ, ਕਰ ਕੇ ਦੋ ਚਿਤੀ।
ਨਾ ਕੀਤੀ ਇਸ਼ਕ ਲਗਾ ਕੇ, ਅੱਖ ਜਿਨ੍ਹਾਂ ਪਸਿਤੀ।

ਉਹ ਧੁਰ ਮੰਜ਼ਲ ਤੇ ਪਹੁੰਚਦੇ, ਉੱਡ ਫਿੱਤੀ ਫਿੱਤੀ।
ਹੋ ਪੁਰਜੇ ਪੁਰਜੇ ਉੱਡ ਗਏ, ਸਾਰੇ ਅਸਮਾਨੀ।
ਨਾ ਸਿਦਕ ਡੁਲਾਇਆ ਕੂਕਿਆਂ, ਲੈ ਲਈ ਵੈਰਾਨੀ।
ਨਾ ਅੱਖ ਝਮੱਕੀ ਰਤਾ ਵੀ, ਤਕ ਮੌਤ ਹੈਰਾਨੀ।
ਹੱਸ ਹੱਸ ਕੇ ਲਾ ਗਏ ਬਾਜੀਆਂ, ਜਾਨਾਂ ਦੇ ਦਾਨੀ।
ਜੋ ਸੂਰੇ ਸਿਰ ਤੇ ਖੇਲਦੇ, ਕਰ ਚੋਜ ਵਿਡਾਨੀ।
ਉਹ ਦੁਨੀਆਂ ਦੇ ਇਤਿਹਾਸ ਨੂੰ, ਲਾ ਜਾਣ ਨਿਸ਼ਾਨੀ।

ਇਉਂ ਰੱਖ ਵਿਖਾਈ ਕੂਕਿਆਂ; ਕੁਲ ਆਲਮ ਜਾਣੇ।
ਸਭ ਤੋਪਾਂ ਹਿੱਕੀ ਝੱਲੀਆਂ, ਸਤਿਗੁਰ ਦੇ ਭਾਣੇ।
ਹੈ ਆਨ ਵਿਆਹੀ ਸੰਜੋਗਤਾ, ਵਿੰਹਦੇ ਰਹੇ ਰਾਣੇ।
ਉਨ੍ਹਾਂ ਅਣਖ ਪੁਗਾਈ ਆਖਰੀ; ਕਰ ਜ਼ਾਲਮ ਕਾਣੇ।
ਸੋ ਸੀਸ ਤਲੀ ਤੇ ਰੱਖਦੇ, ਜਗ ਪਾਪ ਮਿਟਾਣੇ।
ਇਹ 'ਚਾਤਰ' ਸਾਕੇ ਉਨ੍ਹਾਂ ਦੇ; ਨਾ ਹੋਣ ਪੁਰਾਣੇ।

..................................................

# ਧੰਨੁ ਧੰਨੁ ਸੋ ਗੁਰਸਿਖੁ ਕਹੀਐ........
## (ਗਿਆਨੀ ਜਸਵੰਤ ਸਿੰਘ ਜੀ ਨੂੰ ਯਾਦ ਕਰਦਿਆਂ)

-ਹਰਪਾਲ ਸਿੰਘ ਸੇਵਕ

ਗੁਰਬਾਣੀ ਵਿੱਚ ਜਿੱਥੇ ਵਾਰ ਵਾਰ ਸਤਿਗੁਰੂ ਨੂੰ ਧੰਨ, ਧੰਨ ਅਤੇ ਵਾਹੁ ਵਾਹੁ ਕਹਿ ਕੇ ਸਾਲਾਹਿਆ ਹੈ-

ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜ ਤੋੜਿਆ॥
ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ॥

ਉੱਥੇ ਗੁਰ-ਦਰ ਪ੍ਰਵਾਨ, ਅਜਿਹੇ ਗੁਰਮੁਖਾਂ, ਗੁਰਸਿੱਖਾਂ ਨੂੰ ਵੀ ਧੰਨ ਲਿਖਿਆ ਹੈ ਜੋ ਸਤਿਗੁਰੂ ਦੇ ਹੁਕਮ ਵਿੱਚ ਚੱਲਦੇ ਹਨ, ਸੇਵਾ, ਸਿਮਰਨ, ਸਾਦਗੀ ਅਤੇ ਸਮਰਪਣ ਜਿਨ੍ਹਾਂ ਦਾ ਸਹਿਜ ਸੁਭਾਅ ਹੁੰਦਾ ਹੈ। ਜੋ ਆਪਣੇ ਸਤਿਗੁਰੂ ਦੀਆਂ ਅਪਾਰ ਬਖਸ਼ਿਸ਼ਾਂ ਦੇ ਪਾਤਰ ਹੁੰਦੇ ਹਨ ਅਜਿਹੇ ਗੁਰਸਿੱਖਾਂ ਬਾਰੇ ਰਾਗ ਵਡਹੰਸ ਵਿੱਚ ਸਾਹਿਬ ਸਤਿਗੁਰੂ ਅਮਰਦਾਸ ਜੀ ਫਰਮਾਉਂਦੇ ਹਨ:

ਧੰਨੁ ਧੰਨੁ ਸੋ ਗੁਰਸਿਖੁ ਕਹੀਐ
ਜੋ ਸਤਿਗੁਰ ਚਰਣੀ ਜਾਇ ਪਾਇਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ
ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ॥
ਧੰਨੁ ਧੰਨ ਸੋ ਗੁਰਸਿਖੁ ਕਹੀਐ
ਜਿਸੁ ਹਰਿ ਨਾਮਿ ਸੁਣਿਐ ਮਨਿ ਅਨਦੁ ਭਇਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ
ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ॥
ਤਿਸੁ ਗੁਰਸਿਖੁ ਕੰਉ ਹੰਉ ਸਦਾ ਨਮਸਕਾਰੀ
ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ॥

ਅਜੇਹੇ ਹੀ ਵਡਭਾਗੀ ਅਤੇ ਧੰਨਤਾ-ਯੋਗ ਗੁਰਸਿੱਖ ਸਨ- ਗਿਆਨੀ ਜਸਵੰਤ ਸਿੰਘ ਜੀ ਜਿਨ੍ਹਾਂ ਨੂੰ ਗੁਰਸਿੱਖੀ ਦੀ ਗੁੜਤੀ ਪਿਤਾ ਸੂਬਾ ਗੰਡਾ ਸਿੰਘ ਜੀ ਅਤੇ ਮਾਤਾ ਕੇਸਰ ਕੌਰ ਤੋਂ ਵਿਰਸੇ ਵਿੱਚ ਮਿਲੀ। ਵੱਡੇ ਪ੍ਰਤਾਪ ਵਾਲੇ ਸਤਿਗੁਰੂ ਪ੍ਰਤਾਪ ਸਿੰਘ ਜੀ ਦਰਸ਼ਨ ਪਰਸੇ, ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦੀ ਨਿਕਟਤਾ ਮਾਣੀ, ਏਸਤੋਂ ਵੱਧ ਨਿਕਟਤਾ ਕੀ ਹੋਵੇ ਕਿ 1970 ਵਿਆਂ ਵਿੱਚ ਦਿੱਲੀ ਵਿਖੇ ਗਰੀਬ ਨਿਵਾਜ਼ ਜੀ ਦਾ ਡੇਰਾ ਆਪ ਦੇ ਗ੍ਰਹਿ ਵਿਖੇ ਹੋਇਆ ਕਰਦਾ ਸੀ ਅਤੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਹਸਤ-ਲਿਖਤ ਕਿਰਪਾ ਪੱਤਰ ਵੀ ਗਿਆਨੀ ਜਸਵੰਤ ਸਿੰਘ ਜੀ ਦੇ ਨਾਮ ਹਨ ਜਿਨ੍ਹਾਂ ਵਿੱਚੋਂ ਇੱਕ 'ਹੁਕਮਨਾਮਾ, ਇਸ ਅੰਕ ਵਿੱਚ ਵੀ ਪਾਠਕ ਪੜ੍ਹ ਸਕਣਗੇ। ਸਤਿਗੁਰੂ ਜਗਜੀਤ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾਂ ਵਿੱਚ ਸਿੱਖੀ-ਸਿਦਕ ਨਿਭਾ ਕੇ ਗਿਆਨੀ ਜੀ ਸੱਚ-ਖੰਡ ਗੁਰੂ ਚਰਨਾਂ ਵਿੱਚ ਜਾ ਬਿਰਾਜੇ।


ਸ. ਜਸਵੰਤ ਸਿੰਘ

ਪਿਤਾ ਸੂਬਾ ਗੰਡਾ ਸਿੰਘ ਅਤੇ ਮਾਤਾ ਕੇਸਰ ਕੌਰ ਦੇ ਗ੍ਰਹਿ ਵਿਖੇ ਗਿਆਨੀ ਜਸਵੰਤ ਸਿੰਘ ਜੀ ਦਾ ਜਨਮ 1 ਜਨਵਰੀ 1930 ਨੂੰ ਪਿੰਡ ਗੋਂਦਲਾਵਾਲਾ (ਗੁੱਜਰਾਂਵਾਲਾ ਪਾਕਿਸਤਾਨ) ਵਿਖੇ ਹੋਇਆ। ਜਿਵੇਂ ਪੁਰਾਣੇ ਪੰਜਾਬ ਵਿਚ ਬਹੁਤੇ ਸਿੱਖ ਪਰਿਵਾਰ ਹਿੰਦੂ ਪਰਿਵਾਰ ਵਿੱਚੋਂ ਹੀ ਸਿੰਘ ਸਜਦੇ ਸਨ। ਏਸੇ ਤਰ੍ਹਾਂ ਗਿਆਨੀ ਜੀ ਦੇ ਵਡੇਰਿਆਂ ਦੇ ਨਾਮ ਵੀ ਕੋਈ ਹਿੰਦੂ ਅਤੇ ਕੋਈ ਸਿੱਖ ਹਨ। ਉਹ ਸਮਾਂ ਸੀ ਜਦੋਂ ਹਿੰਦੂ ਅਤੇ ਸਿੱਖ ਇੱਕੋ ਸਿੱਕੇ ਦੇ ਦੋ ਪਾਸੇ ਹੋਇਆ ਕਰਦੇ ਸਨ। ਗਿਆਨੀ ਜੀ ਦੇ ਵਡੇਰੇ ਬਜ਼ੁਰਗ ਭਾਈ ਭਾਗੋ, ਭਾਈ ਲਾਲੇ, ਭਾਈ ਨੈਣਾ, ਭਾਈ ਸੁਜਾਨੈ, ਪ੍ਰਜਾ ਸਿੰਘ, ਸਤਿਆਮਲ, ਕਾਹਨ ਸਿੰਘ ਅਤੇ ਆਪ ਦੇ ਦਾਦਾ ਦਿਆਲ ਸਿੰਘ ਸਨ। ਦਿਆਲ ਸਿੰਘ ਦੇ ਚਾਰ ਪੁੱਤਰ: 1. ਹਰਦਰਸ਼ਨ ਸਿੰਘ 2. ਗੁਰਮੁਖ ਸਿੰਘ 3. ਗਿਆਨੀ ਜਸਵੰਤ ਸਿੰਘ 4. ਬੇਅੰਤ ਸਿੰਘ ਅਤੇ ਤਿੰਨ ਪੁੱਤਰੀਆਂ 1. ਪਿਆਰ ਕੌਰ 2. ਪ੍ਰਿੰਸੀਪਲ ਬੇਅੰਤ ਕੌਰ ਅਤੇ 3. ਸਤਵੰਤ ਕੌਰ।



**ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੂਬਾ ਗੰਡਾ ਸਿੰਘ ਜੀ ਦੇ ਭੋਗ ਸਮੇਂ ਆਪ ਦੇ ਵੱਡੇ ਸਪੁੱਤਰ ਸੰਤ ਹਰਦਰਸ਼ਨ ਸਿੰਘ ਜੀ ਨੂੰ ਦਸਤਾਰ ਸਜਾ ਰਹੇ ਹਨ। ਪਿੱਛੇ ਬੈਠੇ ਗਿਆਨੀ ਜਸਵੰਤ ਸਿੰਘ ਜੀ**

ਇਸ ਪਰਿਵਾਰ ਦਾ ਪਿਛੋਕੜ ਨਾਮਧਾਰੀ ਨਹੀਂ ਸੀ। ਗੰਡਾ ਸਿੰਘ ਜੀ ਦਾ ਇੱਕ ਮਿੱਤਰ ਸੀ ਨਾਮਧਾਰੀ ਸਿੰਘ। ਉਸ ਦੀ ਪ੍ਰੇਰਣਾ ਨਾਲ ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲਿਆਂ ਦੇ ਦਰਸ਼ਨ ਕਰਨ ਗਏ। ਰਸਤੇ ਵਿੱਚ ਜਾਂਦਿਆਂ ਇੱਕ ਵਾੜੇ ਵਿੱਚੋਂ ਕੁਝ ਖਰਬੂਜੇ ਖ਼ਰੀਦ ਲਏ, ਸੰਤਾਂ ਨੂੰ ਭੇਟ ਕਰਨ ਲਈ। ਮਨ ਵਿੱਚ ਭਾਵਨਾ ਧਾਰੀ ਕਿ ਜੇ ਪੂਰਨ ਸੰਤ ਹੋਏ ਤਾਂ ਖਰਬੂਜ਼ੇ ਮੰਗ ਕੇ ਲੈਣਗੇ, ਮੈਂ ਪਹਿਲੋਂ ਨਹੀਂ ਮੱਥਾ ਟੇਕਾਂਗਾ।

ਸੰਤ ਕੇਸਰ ਸਿੰਘ ਜੀ ਵਿਰਕਤ ਬ੍ਰਹਮ ਗਿਆਨੀ ਸਾਧੂ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਬਚਨ ਕਰਿਆ ਕਰਦੇ ਸਨ ਕਿ ਸਤਿਗੁਰੂ ਰਾਮ ਸਿੰਘ ਜੀ ਅਤੇ ਸਤਿਗੁਰੂ ਹਰੀ ਸਿੰਘ ਜੀ ਤੋਂ ਬਾਅਦ ਮੇਰੀ ਸੰਤ ਚਵਿੰਡੇ ਵਾਲਿਆਂ ਤੇ ਸ਼ਰਧਾ ਹੈ। ਜਦ ਨਾਮਧਾਰੀ ਸਿੰਘ ਨਾਲ ਗੰਡਾ ਸਿੰਘ ਜੀ ਸੰਤਾਂ ਦੇ ਦਰਸ਼ਨ ਕਰਨ ਪੁੱਜੇ ਤਾਂ ਖਰਬੂਜ਼ੇ ਬਾਹਰ ਹੀ ਰੱਖ ਦਿੱਤੇ, ਅੰਦਰ ਜਾ ਕੇ ਸੰਤਾਂ ਦੇ ਚਰਨ ਪਰਸੇ ਤਾਂ ਸੰਤਾਂ ਬਚਨ ਕੀਤਾ 'ਭਾਈ ਅੱਜ ਖਰਬੂਜਾ ਛਕਣ ਨੂੰ ਚਿੱਤ ਕਰਦਾ ਹੈ। ਗੰਡਾ ਸਿੰਘ ਜੀ ਨੇ ਖਰਬੂਜ਼ੇ ਲਿਆ ਭੇਟ ਕੀਤੇ ਅਤੇ ਪੂਰਨ ਸੰਤ ਜਾਣ ਅਰਜ਼ ਕਰਕੇ ਨਾਮ ਦੀ ਦਾਤ ਪ੍ਰਾਪਤ ਕਰਕੇ ਨਾਮਧਾਰੀ ਸਿੰਘ ਸਜ ਗਏ। ਸੰਤਾਂ ਨੇ ਕੰਨ ਵਿੱਚ ਨਾਮ ਦੇ ਕੇ ਬਚਨ ਕੀਤਾ- ਇਹ ਗੁਰਮੰਤਰ, ਗੁਰੂ ਦਾ ਹੈ, ਹੁਣ ਜਾ ਕੇ ਸਤਿਗੁਰੂ ਪ੍ਰਤਾਪ ਸਿੰਘ ਦੇ ਚਰਨਾਂ ਵਿੱਚ ਹਾਜ਼ਰ ਹੋ ਕੇ ਮੋਹਰ ਲਵਾ ਲਈਂ। 'ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ।' ਗੁਰਵਾਕ ਅਨੁਸਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕਰਕੇ ਮਨ ਦੀ ਅਵਸਥਾ ਅਨੰਦਮਈ ਬਣ ਗਈ, ਸਦਾ ਵਾਸਤੇ, ਸਤਿਗੁਰੂ ਸੱਚੇਪਾਤਸ਼ਾਹ ਜੀ ਦੇ ਚਰਨਾਂ ਨਾਲ ਸਾਂਝ ਬਣ ਗਈ। ਨਾਮ ਦੀ ਰੰਗਨ ਚੜ੍ਹ ਗਈ, ਗੰਡਾ ਸਿੰਘ, ਸੰਤ ਗੰਡਾ ਸਿੰਘ ਬਣ ਗਏ। ਆਪ ਸਿਆਣੇ ਅਤੇ ਸੁਚੱਜੇ ਮਿਸਤਰੀ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਸਾਹਿਬਜ਼ਾਦਾ ਬੇਅੰਤ ਜੀ ਅਤੇ ਵੱਲਭ ਜੀ ਵਾਸਤੇ ਆਪ ਨੇ ਡਬਲ ਸੁਰਾਂ ਵਾਲਾ ਇਕ ਹਰਮੋਨੀਅਮ ਬਣਾਇਆ। ਇਸੇ ਹਰਮੋਨੀਅਮ ਤੇ ਬੇਅੰਤ ਜੀ ਅਤੇ ਵੱਲਭ ਜੀ, ਸੰਗੀਤ ਦਾ ਅਭਿਆਸ ਕਰਿਆ ਕਰਦੇ ਸਨ।

ਇਸੇ ਤਰ੍ਹਾਂ ਇੱਕ ਵੇਰ ਸਤਿਗੁਰੂ ਪ੍ਰਤਾਪ ਸਿੰਘ ਜੀ ਹੁਕਮ ਕੀਤਾ- ਮਿਸਤਰੀ ਗੰਡਾ ਸਿੰਘ ਜੀ, ਸਾਨੂੰ ਰਾਗ ਦੀਆਂ ਮਾਤਰਾ ਅਨੁਸਾਰ ਇਕ ਤਾਲ ਦੇਣ ਵਾਲੀ ਮਸ਼ੀਨ ਬਣਾ ਕੇ ਦਿਉ। ਆਪ ਨੇ ਗਰਾਮੋਫੋਨ ਦੀ ਮਸ਼ੀਨ ਨਾਲ ਇੱਕ ਤਾਲ ਦੇਣ ਵਾਲੀ ਮਸ਼ੀਨ ਬਣਾਈ। ਵੱਡ ਪ੍ਰਤਾਪੀ ਜੀ ਨੇ ਬਹੁਤ ਖੁਸ਼ੀਆਂ ਬਖ਼ਸ਼ੀਆਂ।

ਦੇਸ਼ ਦੀ ਵੰਡ ਸਮੇਂ 1947 ਈ. ਵਿੱਚ ਸੰਤ ਗੰਡਾ ਸਿੰਘ ਜੀ ਦਾ ਪਰਿਵਾਰ ਪਹਿਲੋਂ ਭੈਣੀ ਸਾਹਿਬ ਫੇਰ ਕੁਝ ਸਮਾਂ ਗੰਗਾਨਗਰ ਅਤੇ ਗਵਾਲੀਅਰ ਰਹਿ ਕੇ ਅਖੀਰ ਦਿੱਲੀ ਆ ਕੇ ਟਿਕ ਗਏ। ਰਾਜੌਰੀ ਗਾਰਡਨ (ਦਿੱਲੀ) ਵਿਖੇ ਸੰਤ ਗੰਡਾ ਸਿੰਘ ਜੀ ਦੇ ਚਾਰੇ ਸਪੁੱਤਰਾਂ ਦੇ ਚਾਰ ਮਕਾਨ ਇਕੋ ਵਲਗਣ ਵਿੱਚ ਹੀ ਸਨ।

ਸਤਿਗੁਰੂ ਪ੍ਰਤਾਪ ਸਿੰਘ ਦੇ ਦੇਹ ਦਾ ਉਹਲਾ ਕਰਨ ਉਪਰੰਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਪੰਥ ਦੀ ਵਾਗਡੋਰ ਸੰਭਾਲੀ। ਆਪ ਜੀ ਨੇ ਸੰਤ ਗੰਡਾ ਸਿੰਘ ਜੀ ਨੂੰ 'ਸੂਬਾ, ਪਦਵੀ ਨਾਲ ਨਿਵਾਜਿਆ। ਸੂਬਾ ਜੀ ਦੇ ਸਾਰੇ ਪਰਿਵਾਰ ਤੇ ਹੀ ਸਤਿਗੁਰੂ ਜਗਜੀਤ ਸਿੰਘ ਦੀ ਵਿਸ਼ੇਸ਼ ਕਿਰਪਾ ਰਹੀ ਪਰ ਪਿਤਾ ਸੂਬਾ ਗੰਡਾ ਸਿੰਘ ਜੀ ਦੀ ਮਿਸਤਰੀਆਂ ਵਾਲੀ ਤਕਨੀਕੀ ਵਿਰਾਸਤ ਅਤੇ ਗੁਰੂ-ਘਰ ਦੀ ਸੇਵਾ ਦੀ ਜ਼ਿੰਮੇਵਾਰੀ ਆਪ ਦੇ ਤੀਸਰੇ ਪੁੱਤਰ ਜਸਵੰਤ ਸਿੰਘ ਜੀ ਨੇ ਸੰਭਾਲੀ। ਗੁਰਤਾ ਕਾਲ ਦੇ ਪਹਿਲੇ ਦਹਾਕੇ ਵਿੱਚ ਕਈ ਵਰ੍ਹੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪਣਾ ਡੇਰਾ ਜਸਵੰਤ ਸਿੰਘ ਜੀ ਦੇ ਘਰ ਕਿਰਪਾ ਕਰਦੇ ਰਹੇ ਕਿਉਂਕਿ ਇਸ ਘਰ ਸੋਧ ਦੀ ਮੁੱਢਲੀ ਜ਼ਰੂਰਤ ਖੂਹੀ ਵੀ ਸੀ। ਜਦੋਂ ਵੀ ਗ਼ਰੀਬ ਨਿਵਾਜ਼ ਦਿੱਲੀ ਕਿਰਪਾ ਕਰਦੇ ਕਈ ਵੇਰ ਮਕਾਨ ਦੀ ਛੱਤ ਤੇ ਹੀ ਆਸਾ ਦੀ ਵਾਰ ਦਾ ਕੀਰਤਨ ਹੁੰਦਾ। 'ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ॥' ਗੁਰਵਾਕ ਅਨੁਸਾਰ ਇਹ ਘਰ ਜਿੱਥੇ ਸਤਿਗੁਰੂ ਜਗਜੀਤ ਸਿੰਘ ਦਾ ਡੇਰਾ ਹੁੰਦਾ, ਨਾਮ ਬਾਣੀ ਅਤੇ ਕੀਰਤਨ ਦਾ ਪ੍ਰਵਾਹ ਚਲਦਾ, ਇਹ ਸੁਹਾਵਣਾ ਸਥਾਨ ਗੁਰਦੁਆਰੇ ਵਰਗੀ ਮਹਾਨਤਾ ਵਾਲਾ ਘਰ ਬਣ ਗਿਆ।

ਜਸਵੰਤ ਸਿੰਘ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਰਿਕਾਰਡ ਉਪਦੇਸ਼ਾਂ ਦੀ ਵਾਇਰ ਵਾਲੀ ਰਿਕਾਰਡਿੰਗ ਤੋਂ ਸਪੂਲ ਤੇ ਕਾਪੀਆਂ ਕਰਨ ਦੀ ਸੇਵਾ ਕੀਤੀ। ਸਤਿਗੁਰੂ ਪ੍ਰਤਾਪ ਸਿੰਘ ਸਿਮਰਤੀ ਸੰਗੀਤ ਸੰਮੇਲਨਾਂ ਸਮੇਂ ਆਪ ਵੀਡੀਓ ਅਤੇ ਆਡੀਓ ਰਿਕਾਰਡਿੰਗ ਕਰਦੇ। ਸਾਹਿਤਕ ਅਤੇ ਅਧਿਆਤਮਕ ਰੁਚੀਆਂ ਹੋਣ ਕਰਕੇ ਜਸਵੰਤ ਸਿੰਘ ਜੀ 'ਗਿਆਨੀ' ਤਖ਼ੱਲਸ ਨਾਲ ਪ੍ਰਸਿੱਧ ਹੋ ਗਏ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਆਪ ਜੀ ਨੂੰ 'ਗਿਆਨੀ ਜੀ' ਕਹਿ ਕੇ ਹੀ ਸੰਬੋਧਨ ਕਰਿਆ ਕਰਦੇ ਸਨ।

ਗਿਆਨੀ ਜੀ ਦਾ ਅਨੰਦ ਕਾਰਜ ਬੀਬੀ ਸੁਰਜੀਤ ਕੌਰ ਨਾਲ ਹੋਇਆ, ਵਿਆਹ ਤੋਂ ਬਾਅਦ ਨਾਮ ਪ੍ਰਕਾਸ਼ ਕੌਰ ਰੱਖਿਆ। ਬੀਬੀ ਪ੍ਰਕਾਸ਼ ਕੌਰ ਦਾ ਪੇਕਾ ਪਰਿਵਾਰ ਮਠਾੜੂ ਸੀ। ਇਸ ਲਈ ਸਤਿਗੁਰੂ ਜਗਜੀਤ ਸਿੰਘ ਜੀ ਬੀਬੀ ਪ੍ਰਕਾਸ਼ ਕੌਰ ਨੂੰ ਭੈਣ ਦਾ ਪਿਆਰ ਅਤੇ ਸਤਿਕਾਰ ਦਿਆ ਕਰਦੇ ਸਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੱਲੋਂ ਗਿਆਨੀ ਜੀ ਦੇ ਨਾਮ ਲਿਖੇ ਹਸਤ ਲਿਖਤ ਕਿਰਪਾ ਪੱਤਰ, ਆਪ ਦੇ ਪਰਿਵਾਰ ਪਾਸ ਸੰਭਾਲੇ ਹੋਏ ਹਨ। ਗਿਆਨੀ ਜੀ ਦੇ ਦੋ ਸਪੁੱਤਰ: ਪ੍ਰੇਮ ਸਿੰਘ ਅਤੇ ਨਰਾਇਣ ਸਿੰਘ ਅਤੇ ਤਿੰਨ ਸਪੁੱਤਰੀਆਂ: ਕੁਲਵੰਤ ਕੌਰ, ਸਤਵੰਤ ਕੌਰ ਅਤੇ ਗੁਣਵੰਤ ਕੌਰ ਹਨ।

ਗਿਆਨੀ ਜਸਵੰਤ ਸਿੰਘ ਜੀ ਨੇ ਉਮਰ ਭਰ ਪੰਥਕ ਸੇਵਾ ਕਰਦਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਖੁਸ਼ੀਆਂ ਪ੍ਰਾਪਤ ਕੀਤੀਆਂ। ਆਪ ਨੇ ਵੀ ਹੁਕਮ ਅਨੁਸਾਰ ਇਕ ਤਾਲ ਦੇਣ ਵਾਲੀ ਮਸ਼ੀਨ ਬਣਾਈ ਜੋ ਗਰੀਬ ਨਿਵਾਜ ਨੇ ਸੰਗੀਤ ਸਿਖਿਆਰਥੀਆਂ ਨੂੰ ਲੈਅ-ਅਭਿਆਸ ਕਰਨ ਲਈ ਦੇ ਦਿੱਤੀ।

ਆਖ਼ਰੀ ਕੁੱਝ ਵਰ੍ਹੇ ਗਿਆਨੀ ਜੀ ਸਿਹਤ ਕਰਕੇ ਕੁਝ ਢਿੱਲੇ ਰਹੇ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਵੀ ਆਪ ਨੂੰ ਘਰ ਦਰਸ਼ਨ ਦੇਣ ਅਤੇ ਸੁੱਖ ਸਾਂਦ ਪੁੱਛਣ ਦੀ ਕਿਰਪਾ ਕਰਿਆ ਕਰਦੇ ਸਨ। ਇੱਕ ਵੇਰ ਦਰਸ਼ਨ ਦੇਣ ਗਿਆਂ ਸਤਿਗੁਰੂ ਉਦੇ ਸਿੰਘ ਜੀ ਪੁੱਛਿਆ- ਗਿਆਨੀ ਜੀ, ਕੀ ਹਾਲ ਹੈ ?

'ਪਾਤਸ਼ਾਹ ਜੀ, ਜਿਸ ਹਾਲ ਵਿੱਚ ਵੀ ਆਪ ਜੀ ਨੇ ਰੱਖਿਆ ਹੈ, ਮੈਂ ਬਹੁਤ ਖੁਸ਼ ਹਾਂ।' ਗਿਆਨੀ ਜੀ ਨੇ ਹੱਥ ਜੋੜ ਕੇ ਨਿਮਰਤਾ ਸਹਿਤ ਬੇਨਤੀ ਕੀਤੀ।

ਪੁੱਤਰਾਂ, ਪੋਤਰੀਆਂ, ਦੋਹਤੀਆਂ, ਦੋਹਤਿਆਂ ਵਾਲੇ ਵੱਡੇ ਬਾਗ਼ ਪਰਿਵਾਰ ਵਿਚ ਹੁੰਦੇ ਹੋਏ ਵੀ ਗਿਆਨੀ ਜੀ 'ਜੈਸੇ ਜਲ ਮਹਿ ਕਮਲ ਅਲੇਪ'॥ ਦੀ ਤਰ੍ਹਾਂ ਮੋਹ ਮਾਇਆ ਤੋਂ ਨਿਰਲੇਪ ਰਹੇ। 'ਜੀਵਤਿ ਸਾਹਿਬ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ। ਗੁਰਵਾਕ ਅਨੁਸਾਰ ਗਿਆਨੀ ਜਸਵੰਤ ਸਿੰਘ ਜੀ ਆਪਣੀ ਜੀਵਨ ਯਾਤਰਾ ਸਫਲ ਕਰਕੇ 30 ਨਵੰਬਰ 2020 ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ। ਆਪ ਨਮਿੱਤ ਪਾਠ ਦਾ ਭੋਗ ਅਤੇ ਅੰਤਮ ਅਰਦਾਸ 7 ਦਿਸੰਬਰ 2020 ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਸੰਪੰਨ ਹੋਇਆ।

......................................................

# ਕਾਵਿ ਕਿਆਰੀ

## ਛਿਹਾਹਠ ਮੋਮਬੱਤੀਆਂ

## ਮਲੇਰਕੋਟਲਾ ਦੇ 66 ਕੂਕੇ ਸ਼ਹੀਦਾਂ ਨੂੰ ਚਿਤਵਦਿਆਂ

**– ਗੁਰਭਜਨ ਸਿੰਘ ਗਿੱਲ**

ਅਗਨ ਤੇ ਲਗਨ ਦੀਆਂ
ਛਿਆਹਠ ਮੋਮਬੱਤੀਆਂ
ਬਲਦੀਆਂ
ਮਲੇਰਕੋਟਲੇ ਦੇ ਰੱਕੜ 'ਚ
ਨਿਰੰਤਰ
ਜਗਦੀਆਂ ਮਘਦੀਆਂ।
ਫਰੰਗੀ ਹਕੂਮਤ ਨੂੰ
ਵੰਗਾਰਦੀਆਂ।
ਜੈਕਾਰੇ ਗੁੰਜਾਰਦੀਆਂ।

ਜੋ ਬੋਲੇ ਸੋ ਨਿਹਾਲ
ਬੁਲਾਉਂਦੀਆਂ
ਕੂਕ ਕੂਕ ਸਮਝਾਉਂਦੀਆਂ
ਤਾਜ ਦੀ ਦਾੜ੍ਹੀ ਨੂੰ
ਹੱਥ ਪਾਉਂਦੀਆਂ
ਤੇ ਉੱਚੀ ਉੱਚੀ ਸੁਣਾਉਂਦੀਆਂ
ਝੱਖੜ 'ਚ ਬਲਦੀਆਂ
ਮੋਮਬੱਤੀਆਂ।

ਬਿੱਲਿਆ!
ਇਹ ਵਤਨ ਸਾਡਾ ਹੈ।
ਅਸੀਂ ਹਾਂ ਇਹਦੇ ਸਾਈਂ।
ਇਸ ਤੋਂ ਤੇਰੇ ਜਹੀਆਂ
ਦੂਰ ਬਲਾਈਂ।
ਵੇਖਦਿਆਂ ਹੀ ਵੇਖਦਿਆਂ
ਤੋਪਾਂ ਚੱਲੀਆਂ
ਧਰਤੀਆਂ ਹੱਲੀਆਂ।

ਅਣਖ਼ ਸੰਭਲੀ ਤੇ ਬੋਲੀ,
ਬੱਸ!
ਏਨਾ ਹੀ ਕੰਮ ਸੀ ਤੇਰਾ।
ਹੋਰ ਚਲਾ ਲੈ
ਅਸਲਾ ਬਾਰੂਦ।
ਮੈਂ ਇਨ੍ਹਾਂ ਦੀ
ਰੱਤ ਸੰਭਾਲਾਂਗੀ।
ਇਤਿਹਾਸ ਪੁੱਛੇਗਾ
ਤਾਂ ਦੱਸਾਂਗੀ
ਕੂਕੇ ਕੂਕ ਕੂਕ ਬੋਲੇ
ਅਡੋਲ ਰਹੇ ,
ਕਦਮ ਨਾ ਡੋਲੇ।
ਪੌਣਾਂ 'ਚ ਘੁਲ ਗਏ ਜੈਕਾਰੇ।
ਦਸਮੇਸ਼ ਦੇ ਲਾਡਲੇ
ਗੁਰੂ ਰਾਮ ਸਿੰਘ ਦੇ ਮਾਰਗਪੰਥੀ।
ਗਊ ਗਰੀਬ ਰਖਵਾਲੇ
ਮਸਤ ਮਸਤ ਮਤਵਾਲੇ।
ਕਣ ਕਣ ਕਰੇ ਉਜਾਲੇ।
ਇੱਕੋ ਥਾਂ
ਨਿਰੰਤਰ ਜਗਦੀਆਂ ਮਘਦੀਆਂ
ਛਿਆਹਠ ਮੋਮਬੱਤੀਆਂ।
ਗੁਰੂ ਰੰਗ ਰੱਤੀਆਂ।

# ਬੀਤੇ ਦੀਆਂ ਪੈੜਾਂ- ਕਵੀ ਪ੍ਰੀਤਮ ਸਿੰਘ

## (ਅਣਛਪਿਆ-ਭਾਗ)

### (ਪਿਛਲੇ ਅੰਕ ਤੋਂ ਅੱਗੇ)

**17 ਸਤੰਬਰ ਥਾਈਲੈਂਡ**

**ਗੁਰ-ਸਿੱਖ ਦੀ ਗਲਵਕੜੀ:** ਸੰਤ ਮਹਿੰਦਰ ਸਿੰਘ ਅਤੇ ਸੰਤ ਸਵਰਨ ਸਿੰਘ ਮੇਰੇ ਨਾਲ ਸਨ। ਕੈਮਰੇ ਮੇਰੇ ਤੇ ਮਹਿੰਦਰ ਸਿੰਘ ਜੀ ਦੇ ਹੱਥੀਂ ਸਨ। ਪਹਿਲਾਂ ਤਾਂ ਅਸੀਂ ਨੌਕਾ ਵਿੱਚੋਂ ਉਤਰਨ ਤੋਂ ਚੰਦ ਮਿੰਟ ਪਹਿਲਾਂ ਫੋਟੋਗ੍ਰਾਫ ਲਏ। ਵਿਚਾਰੀਆਂ ਅੰਮ੍ਰਿਤਸਰ ਕਲਾਂ ਤੇ ਸੰਤ ਨਗਰ ਦੀਆਂ ਬੀਬੀਆਂ ਨੂੰ ਸਤਿਗੁਰੂ ਜੀ ਦੀ ਨੇੜਤਾ ਦਾ ਇਹ ਪਹਿਲਾ ਹੀ ਅਵਸਰ ਸੀ। ਸਾਡੀਆਂ ਤਸਵੀਰਾਂ ਬੜੀਆਂ ਸਾਰਥਕ ਸਨ, ਫਿਰ ਐਸੇ ਕਾਰਨ ਬਣ ਗਏ ਕਿ ਸ੍ਰੀ ਸਤਿਗੁਰੂ ਜੀ ਨੂੰ ਮੇਰੀ ਗਲਵੱਕੜੀ ਪੈ ਗਈ। ਕੋਈ ਐਸੀ ਹੀ ਗੱਲ ਹੋ ਗਈ ਕਿ ਮੈਂ ਆਪਣੇ ਪ੍ਰੀਤਮ ਨੂੰ ਗਲਵੱਕੜੀ ਵਿੱਚ ਲੈਣੋਂ ਰਹਿ ਨਾ ਸਕਿਆ ਅਤੇ ਉਨ੍ਹਾਂ ਵੀ ਹੁੰਗਾਰਾ ਭਰਪੂਰ ਸਨੇਹ ਦਾ ਦਿੱਤਾ। ਮੇਰਾ ਕੈਮਰਾ ਤਾਂ ਇਸ ਅਦੁੱਤੀ ਘਟਨਾ ਤੋਂ ਪਹਿਲਾਂ ਹੀ ਰੱਜ ਗਿਆ। ਭਲਾ ਹੋਵੇ ਮਹਿੰਦਰ ਸਿੰਘ ਜੀ ਦਾ ਤੇ ਉਨ੍ਹਾਂ ਦੇ ਕੈਮਰੇ ਦਾ ਕਿ ਉਹ ਦੋ-ਚਾਰ ਚਿੱਤਰ ਲੈਣ ਵਿੱਚ ਕਾਮਯਾਬ ਹੋ ਗਏ। ਜਿਸ ਸਥਾਨ ਤੇ ਸਦਾ ਹਾਸੇ, ਹੁਲਾਸ ਤੇ ਖਰਮਸਤ ਜੱਫੀਆਂ ਪੈਂਦੀਆਂ ਸਨ, ਓਥੇ ਅੱਜ ਸੇਵਕ ਤੇ ਮਾਲਕ, ਸਿੱਖ ਅਤੇ ਸਤਿਗੁਰੂ ਦੀ ਪਿਆਰ ਗਲਵੱਕੜੀ ਦਾ ਐਸਾ ਨਜ਼ਾਰਾ ਬੱਝਾ ਕਿ ਵੇਖਣ ਵਾਲਿਆਂ ਨੂੰ ਅੱਖਾਂ ਤੇ ਯਕੀਨ ਨਹੀਂ ਸੀ ਆ ਰਿਹਾ।

**ਬੰਗਸੈਨ ਨੂੰ –** 12 ਵਜੇ ਤੱਕ ਸ੍ਰੀ ਸਤਿਗੁਰੂ ਜੀ ਤੇ ਹੋਰ ਗਈ ਸੰਗਤ ਪਤੱਈਆ ਬੀਚ ਤੋਂ ਵਾਪਸ ਹੋ ਕੋਈ 50 ਕਿਲੋਮੀਟਰ ਦੇ ਫਾਸਲੇ ਤੇ ਬੰਗਸੈਨ ਬੀਚ ਤੇ ਆ ਰੁਕੇ। ਏਥੇ ਥਾਈਲੈਂਡ ਦੇ ਸੇਠਾਂ ਦੇ ਬੰਗਲੇ ਸਮੁੰਦਰ ਦੇ ਨਾਲ ਨਾਲ ਬਣੇ ਹੋਏ ਹਨ। ਸੇਠ ਤਰਲੋਕ ਸਿੰਘ ਜੀ ਦਾ ਖੁੱਲ੍ਹਾ ਬੰਗਲਾ ਹੈ। ਇਸ ਡਬਲ ਛੱਤੇ ਬੰਗਲੇ ਤੇ ਡਬਲ ਹੀ ਅਨੈਕਸੀ ਵਿੱਚ ਸਾਧ ਸੰਗਤ ਦੀ ਰਿਹਾਇਸ਼ ਲਈ ਕਾਫੀ ਜਗਹ ਹੈ। ਸ੍ਰੀ ਸਤਿਗੁਰੂ ਜੀ ਲਈ ਵੱਖਰਾ, ਮਾਤਾ ਜੀ ਲਈ ਐਂਡ ਖਾਸ ਆਦਮੀਆਂ ਲਈ ਅਲਹਿਦਾ ਅਲਹਿਦਾ ਕਮਰੇ ਹਨ ਜਿਵੇਂ ਜਿਸ ਕਮਰੇ ਵਿੱਚ ਮੇਰਾ ਡੇਰਾ ਲੱਗਾ ਇਸ ਵਿੱਚ ਪੰਜ ਵੱਖ ਵੱਖ ਡਬਲ ਬੈੱਡ ਸਨ। ਅਨੈਕਸੀ ਵਿੱਚ ਉਪਰਲੀ ਛੱਤੇ ਮਾਈਆਂ ਲਈ ਡੇਰੇ ਸਨ, ਏਥੇ ਕਾਫੀ ਸੰਗਤ ਇਕੱਤਰ ਹੋ ਗਈ ਸੀ। ਬੀਬੀਆਂ ਲੰਗਰ ਦੀ ਸੇਵਾ ਵਿੱਚ ਰੁਝ ਗਈਆਂ।

ਸ੍ਰੀ ਸਤਿਗੁਰੂ ਜੀ ਨੇ ਇਸ਼ਨਾਨ ਕਰ ਪ੍ਰਸ਼ਾਦ ਛਕਿਆ ਅਤੇ ਡੇਢ ਵਜੇ ਤੱਕ ਆਰਾਮ ਕੀਤਾ। ਉਪਰੰਤ ਸਾਰੀ ਸੰਗਤ ਨੇ ਗੁਰੂ ਕੀ ਹਜ਼ੂਰੀ ਵਿੱਚ 2.15 ਤੋਂ 3.15 ਤੱਕ 25 ਬੀਬੀਆਂ ਤੇ 35 ਸਿੰਘਾਂ ਨਾਮ ਸਿਮਰਨ ਕੀਤਾ।

ਸ੍ਰੀ ਸਤਿਗੁਰੂ ਜੀ ਦੇ ਬੰਗਸੈਨ ਸੁਆਗਤ ਲਈ ਤਾਂ ਹੋਰ ਵੀ ਕਾਫੀ ਸੰਗਤ ਬੈਂਕੋਕ ਵਿੱਚੋਂ ਕਾਰਾਂ ਗੱਡੀਆਂ ਤੇ ਆਈ ਪਰ ਪ੍ਰਸ਼ਾਦ ਪਾਣੀ ਛਕ ਕੇ ਲਗਭਗ ਉਹ ਸਾਰੇ ਹੀ ਵਾਪਸ ਪਰਤ ਗਏ।

**ਸਾਗਰ ਕੰਢੇ –** ਨਾਮ ਸਿਮਰਨ ਉਪਰੰਤ ਦੋ ਕੁ ਸ਼ਬਦਾਂ ਦਾ ਕੀਰਤਨ ਕਰ ਸੁਣ ਸ੍ਰੀ ਸਤਿਗੁਰੂ ਜੀ ਉਤਸ਼ਾਹੀ ਸਿੱਖਾਂ ਸੇਵਕਾਂ ਤੇ ਨਵੇਂ ਆਇਆਂ ਨਾਲ ਵਿਸ਼ਾਲ ਸਮੁੰਦਰ ਦੇ ਲੰਮੇ, ਖੁੱਲ੍ਹੇ ਅਤੇ ਸੁਥਰੇ ਕਿਨਾਰੇ ਤੇ ਪਧਾਰੇ। ਕੁਦਰਤ ਤੇ ਕਾਦਰ ਨਾਲ ਸਦਾ ਇੱਕ ਮਿਕ ਰਹਿਣ ਵਾਲੇ ਸਤਿਗੁਰੂ ਜੀ ਭਲਾ ਕੇਵਲ ਕੰਢੇ ਦਾ ਸੁੱਖ ਕਿਵੇਂ ਲੈ ਕੇ ਤਸੱਲੀ ਕਰਦੇ। ਕੁਛ ਚਿਰ ਤਾਂ ਟਿਊਬਾਂ ਨਾਲ ਸਾਫ਼ ਜਲ ਵਿੱਚ ਤਾਰੀਆਂ ਲੱਗੀਆਂ। ਬਹੁਤ ਸੁਖ ਰਹਿਣੇ, ਬਿਰਧ ਜਾਂ ਬੀਬੀਆਂ ਤਾਂ ਕੰਢੇ ਤੇ ਛਪਰੀਆਂ ਹੇਠ ਪਈਆਂ ਕੁਰਸੀਆਂ ਤੇ ਸਮੁੰਦਰੀ ਠੰਢੀਆਂ ਹਵਾਵਾਂ ਦਾ ਸੁਖ ਲੁੱਟਦੇ ਰਹੇ ਪਰ ਦੂਜੇ ਪਾਸੇ ਨੀਲੇ ਨੀਲੇ ਪਾਣੀ ਵਿੱਚ ਤਾਰੀਆਂ ਲਾਉਂਦੇ ਰਹੇ ਅਤੇ ਫਿਰ ਵਾਰੀ ਆ ਗਈ ਜਲ-ਸਕੂਟਰਾਂ ਦੀ। ਮਨਚਲੇ ਜਵਾਨਾਂ ਰੱਜ ਕੇ ਕਰਾਏ ਤੇ ਲਏ ਇਹ ਸਕੂਟਰ ਭਜਾਏ। ਘੁੰਮਣ, ਸੰਧੂ ਦੀਆਂ ਪਤਨੀਆਂ ਨੇ ਵੀ ਪਹਿਲੀ ਵਾਰ ਇਹ ਆਜ਼ਾਦੀ ਮਾਣੀ ਕਿ ਘਰਵਾਲਿਆਂ ਦੇ ਪਿੱਛੇ ਬੈਠ ਸਾਗਰ ਵਿੱਚ ਮਨ ਭਾਉਂਦੇ ਚੱਕਰ ਲਾਏ। ਅੱਜ ਉਨ੍ਹਾਂ ਦੀ ਖੁਸ਼ੀ ਦਾ ਕੋਈ ਪਾਰਾਵਾਰ ਨਹੀਂ ਸੀ। ਪਿੰਡਾਂ ਵਿੱਚ ਬੈਠੀਆਂ ਸਦਾ ਚੁੱਲ੍ਹੇ ਦੁਆਲੇ ਕਾਰ ਕਰਦੀਆਂ ਜਾਂ ਖੇਤਾਂ ਦੇ ਬੰਨੇ ਜਾਂਦਿਆਂ ਉਮਰ ਲੰਘ ਜਾਣੀ ਸੀ ਪਰ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਸਦਕਾ ਅੱਜ ਏਸ਼ੀਆ ਦਾ ਇੱਕ ਨਵਾਂ ਦੇਸ਼ ਤਾਂ ਵੇਖਿਆ ਹੀ ਸੀ ਸਮੁੰਦਰ ਵਿੱਚ ਸਕੂਟਰ ਲੀਲ੍ਹਾ ਦਾ ਆਨੰਦ ਵੀ ਲੈ ਲਿਆ।

ਅਜਿਹੇ ਵਿੱਚ ਬੇਬੇ ਦਲੀਪ ਕੌਰ ਜੀ ਦੇ ਜੀਅ ਨੂੰ

ਪੁੱਛਿਆ ਜਾਣੀਏ, ਪਰ ਉਨ੍ਹਾਂ ਦੀ ਅੰਦਰਲੀ ਅਰਜੋਈ ਨੂੰ ਮੰਨ ਕੇ ਸ੍ਰੀ ਸਤਿਗੁਰੂ ਜੀ ਨੇ ਵੀ ਇੱਕ ਜਲ ਸਕੂਟਰ ਲਿਆ ਤੇ ਬੇਬੇ ਜੀ ਨੂੰ ਪਿੱਛੇ ਚੜ੍ਹਾ ਕੇ ਗਹਿਰੇ ਸਮੁੰਦਰ ਵਿੱਚ ਜਾ ਪਹੁੰਚੇ। ਬੇਬੇ ਜੀ ਨੂੰ ਇਹ ਸੁਭਾਗ ਪ੍ਰਾਪਤ ਹੋ ਗਿਆ ਤਾਂ ਉਹ ਦਰਜ਼ਨਾਂ ਨੂੰ ਈਰਖਾ ਹੋਣ ਲੱਗੀ। ਸਾਰਿਆਂ ਨੂੰ ਕੌਣ ਚੜ੍ਹਾਵੇ ਤੇ ਦੁੜਕੀਆਂ ਦੁਆਵੇ!

ਬਹੁਤ ਸਾਰੇ ਸਿੰਘ ਸਿੰਘਣੀਆਂ ਚੰਨ ਚਾਨਣੀ ਰਾਤ ਵਿੱਚ ਸਾਗਰ ਦਾ ਨਜ਼ਾਰਾ ਮਾਣਨ ਲਈ ਬੀਚ ਤੇ ਗਏ ਤੇ ਠੰਢੇ ਬੁਲਿਆਂ ਦਾ ਸੁਖ ਲੈਂਦੇ ਰਹੇ, ਪਰ ਮੈਂ ਤਾਂ ਸਫਰ ਅਤੇ ਸਮੁੰਦਰ ਸ਼ਨਾਨ ਨਾਲ ਰੱਜ ਚੁੱਕਾ ਸਾਂ, ਛੇਤੀ ਹੀ ਸੌਂ ਗਿਆ।

**18 ਸਤੰਬਰ 1986, ਵੀਰਵਾਰ**

**ਬੰਗਸੈਨ (ਬੈਂਕੋਕ) ਥਾਈਲੈਂਡ**

**ਬੰਗਲੇ ਤੇ ਵਾਰ –** ਸੇਠ ਤਰਲੋਕ ਸਿੰਘ ਦੇ ਸਾਗਰ ਤੱਟੀ 6 ਕਨਾਲ ਦੀ ਹਰਿਆਲੀ ਇਕਾਂਤ ਵਿੱਚ ਹੀ ਅੰਮ੍ਰਿਤ ਵੇਲੇ 3.30 ਵਜੇ ਤੋਂ ਘੁੱਲਾ-ਪਿੰਕੀ ਦੁਆਰਾ ਆਸਾ ਦੀ ਵਾਰ ਦਾ ਕੀਰਤਨ ਆਰੰਭ ਹੋਇਆ। ਤਿੰਨ ਗੁਸਲਖਾਨਿਆਂ ਤੇ ਚੌਥੀ ਖੂਹੀ ਤੋਂ ਸੰਤ ਲਾਲ ਸਿੰਘ ਸੰਤ ਨਗਰੀਏ ਦੀ ਸੇਵਾ ਪਰਵਾਨ ਕਰ ਕਰ 30-40 ਸਰੀਰ ਇਸ਼ਨਾਨ ਕਰ ਗੁਰੂ ਜੀ ਦੀ ਹਜ਼ੂਰੀ ਵਿੱਚ ਕੀਰਤਨ ਸੁਣਨ ਬੈਠੇ। ਅਜਿਹੀ ਇਕਾਂਤ ਅਤੇ ਕੁਦਰਤ ਦੀ ਬੁੱਕਲ ਵਿੱਚ ਸੰਗੀਤ ਸੁਰਾਂ ਤੇ ਸਵਾਰ ਹੋਏ ਕੰਨੀਂ ਪੈਂਦੇ ਸ਼ਬਦ ਧੁਰ ਆਤਮਾ ਤੱਕ ਉਤਰਦੇ ਹਨ।

**ਨਰਕ ਸੁਰਗ –** ਕੀਰਤਨ ਉਪਰੰਤ ਆਪ ਤਾਂ ਸ੍ਰੀ ਸਤਿਗੁਰੂ ਜੀ ਥੋੜ੍ਹਾ ਸਮਾਂ ਵਿਸ਼ਰਾਮ ਕਰਨ ਲਈ ਕਮਰੇ ਦੀ ਇਕਾਂਤ ਵਿੱਚ ਹੋ ਗਏ ਅਤੇ ਸਾਨੂੰ ਸਾਗਰ ਦਾ ਲੰਮਾ ਇਲਾਕਾ ਵਖਾਣ ਤੇ ਡੇਰੇ ਦੇ ਲਾਗੇ ਹੀ ਇੱਕ ਨਵੇਂ ਬਣ ਰਹੇ ਮੰਦਰ ਨਰਕ ਸੁਰਗ ਦਾ ਜਲਵਾ ਵਖਾਣ ਹਿਤ ਸ਼੍ਰੀ ਪ੍ਰਿਤਪਾਲ ਸਿੰਘ ਨੂੰ ਮਾਟਾਡੋਰ ਨਾਲ ਤੋਰ ਦਿੱਤਾ। ਸਵੇਰ ਵੇਲੇ ਦਾ ਸ਼ਾਂਤ ਸਾਗਰ, ਅਰਧ ਚੰਦ੍ਰਾਕਾਰ ਜਲ ਕਿਨਾਰਾ ਅਤੇ ਸੂਰਜ ਦੀਆਂ ਕਿਰਨਾਂ ਦੀ ਪਹਿਲੀ ਪਹਿਲੀ ਝਲਕ, ਅਜਿਹੇ ਵਿੱਚ ਇੱਕ ਬੋਧ ਮੰਦਰ ਦੇ ਦਰਸ਼ਨਾਂ ਲਈ ਉਤਰੇ ਹੀ ਸਾਂ ਕਿ ਚੁਪ ਕੀਤੀ ਏਨੀ ਤੇਜ਼ ਬਾਰਸ਼ ਆ ਗਈ ਕਿ ਸਾਨੂੰ ਪੰਦਰਾਂ ਮਿੰਟ ਇੱਕ ਉਹਲੇ ਦੀ ਸ਼ਰਨ ਜਾਣਾ ਪਿਆ। ਬਰਸਾਤ ਦੇ ਇਸ ਬਾਰੀਕ ਪਰਦੇ ਵਿੱਚ ਸਾਗਰ ਵੱਲ ਪਿੱਠ ਕਰਕੇ ਇਲਾਕਾ ਬੰਗਸੈਨ ਤੇ ਨਜ਼ਰ ਸੁੱਟੀ ਤਾਂ ਇਹ ਝੀਣਾ-ਝੀਣਾ ਦਿਸਿਆ। ਸੂਰਜ ਦੀ ਰੌਸ਼ਨੀ ਇਸ ਝੀਣੇ ਪਰਦੇ ਉਹਲੇ ਉਹਨੂੰ ਹੋਰ ਵੀ ਰੌਣਕ ਬਖਸ਼ ਰਹੀ ਸੀ।

ਇਸ ਮੰਦਰ ਦੇ ਅੰਦਰ ਬਾਹਰ ਬਾਹਰ ਝਾਤੀ ਮਾਰੀ। ਇੱਕ ਆਸ਼ਰਮ ਸੀ ਸੀਮਿੰਟ ਦੀਆਂ ਬੇੜੀਆਂ ਉਤੇ ਬਣੇ ਬ੍ਰਹਮਚਾਰੀਆਂ ਦੀਆਂ ਕੁਟੀਆਵਾਂ ਨਾਲ ਅੱਟਿਆ ਪਿਆ ਸੀ। ਏਧਰ, ਜਿੱਥੇ ਆਜ਼ਾਦੀ ਹੈ ਹਰ ਤਰ੍ਹਾਂ ਦੀ ਐਸ਼ਪ੍ਰਸਤੀ ਦੀ ਓਥੇ ਪਰੰਪਰਾਗਤ ਦੈਵੀ ਬਿਰਤੀ ਵਾਲੇ ਲੋਕ ਅਤੇ ਬੋਧ-ਸਾਧੂਆਂ ਦੇ ਅਨੇਕਾਂ ਸਥਾਨ ਵੀ ਮਨੁੱਖ ਨੂੰ ਇਸ ਲੋਕ ਦੇ ਸੁੱਖਾਂ ਤੋਂ ਵਰਜਦੇ ਅਤੇ ਪ੍ਰਲੋਕ ਸੁਆਰਨ ਵਾਸਤੇ ਪ੍ਰੇਰਦੇ ਹਨ।

ਏਥੋਂ ਹੋ ਕੇ ਅਸੀਂ ਨਰਕ ਸੁਰਗ ਦਰਸਾਂਦੇ ਵੱਡੇ ਮੰਦਰ ਇਲਾਕੇ ਵਿੱਚ ਦਾਖਲ ਹੋਏ। ਉਸਾਰੀ ਅਧੀਨ ਮੰਦਰ ਦੇ ਦੁਆਲੇ ਅਨੇਕ ਪਰਕਾਰ ਦੇ ਵਿਅਕਤੀ ਵੱਖ ਵੱਖ ਪਸ਼ੂ ਪੰਛੀ ਵਾਹਨਾਂ ਤੇ ਸਵਾਰ ਸੁੰਦਰ ਅਸੁੰਦਰ ਅਕ੍ਰਿਤੀਆਂ ਵਾਲੇ ਸਜਾਏ ਪਏ ਸਨ। ਤਿੱਖੇ ਰੰਗਾਂ ਦੇ ਪਰਿਧਾਨਾਂ ਵਿੱਚ ਲਿਪਟੇ ਕਾਰੀਗਰਾਂ ਦੀ ਕੁਸ਼ਲਤਾ ਤੇ ਮਿਹਨਤ ਦੀ ਕਹਾਣੀ ਕਹਿ ਰਹੇ ਸਨ। ਅੱਗੇ ਮਹਾਂਭਾਰਤ ਦੇ ਰਿਸ਼ੀਆਂ ਵਾਂਗ ਅਨੇਕਾਂ ਸਾਧੂ ਸੰਤਾਂ ਦੇ ਬੁੱਤ ਪੌਰਾਣਿਕਤਾ ਦੀ ਪੁਸਤਕ ਦਾ ਆਭਾਸ ਕਰਵਾ ਰਹੇ ਸਨ। ਕੁਛ ਰਿਸ਼ੀ ਬੋਧ-ਮਰਿਆਦਾ ਤੇ ਬੁੱਧ ਜੀਵਨ ਤੇ ਝਾਤ ਪੁਆ ਰਹੇ ਸਨ। ਅਸੀਂ ਸਾਰੇ ਹੀ ਇਸਤਰੀ ਪੁਰਸ਼ ਮੂਰਤੀਆਂ ਦੀ ਅਲੋਕਾਰਤਾ ਤੇ ਕਲਾ-ਸੌਂਦਰਯ ਵਿੱਚ ਖੋ ਗਏ ਸਾਂ।

ਅੰਬਾਂ ਅਤੇ ਹੋਰ ਰੁੱਖਾਂ ਦੇ ਖੇਤਰ ਵਿੱਚ ਜ਼ਰਾ ਅੱਗੇ ਗਏ ਤਾਂ ਧਰਮਰਾਜ ਜੀ ਦੇ ਸਾਖਿਅਤ ਦਰਸ਼ਨ ਹੋ ਗਏ। ਉਹਨਾਂ ਦੇ ਦੋਹੀਂ ਪਾਸੀਂ ਚਿਤਰ ਗੁਪਤ ਵਹੀਆਂ ਖੋਲ੍ਹੀ ਬੈਠੇ ਸਨ ਅਤੇ ਦੋ ਪ੍ਰਾਣੀਆਂ ਨੂੰ ਜਮਦੂਤਾਂ ਵਲੋਂ ਪੇਸ਼ ਕੀਤਾ ਗਿਆ ਸੀ। ਇਸ ਤੋਂ ਅਗਲੀਆਂ ਝਾਕੀਆਂ ਡਰਾਉਣੀਆਂ ਸਨ : ਪ੍ਰਾਣੀਆਂ ਨੂੰ ਉਨ੍ਹਾਂ ਦੀ ਕਰਨੀ ਅਨੁਸਾਰ ਕਿਤੇ ਕੁੰਭੀ ਨਰਕ ਵਿੱਚ ਗੋਤੇ, ਕਿਤੇ ਮਦਰਾ ਸੇਵੀ ਸ਼ਰਾਬੀਆਂ ਨੂੰ ਤੱਤੇ ਲੋਹੇ ਨਾਲ ਸਾੜਨ ਦੀਆਂ ਸਜ਼ਾਵਾਂ, ਕਿਤੇ ਮਾਸ ਭਕਸ਼ਕਾਂ ਦੇ ਟੁਕੜੇ ਹੋ ਕੇ ਚੀਲ੍ਹਾਂ ਕਾਵਾਂ ਨੂੰ ਕਿਤੇ ਪਰ ਇਸਤਰੀ ਤੇ ਪਰ ਪੁਰਸ਼ ਗਾਮੀਆਂ ਨੂੰ ਤੱਤੇ ਥੰਮਾਂ ਨੂੰ ਜਾਫੀਆਂ। ਗੱਲ ਕੀ ਸਭ ਪਾਸੇ ਹਾਹਾ-ਕਾਰ। ਕੰਡਿਆਲੇ ਰੁੱਖਾਂ ਤੇ ਨੰਗੀਆਂ ਜਨਾਨੀਆਂ ਨੂੰ ਚੜ੍ਹਾਣਾ, ਪੁਰਸ਼ਾਂ ਨੂੰ ਲੰਮਿਆਂ ਪਾ ਕੇ ਆਰੇ ਨਾਲ ਚੀਰਨਾ, ਚੋਰਾਂ ਦੀਆਂ ਬਾਹਾਂ-ਲੱਤਾਂ ਵੱਢਣੀਆਂ। ਇਸ ਸਾਰੇ ਨਰਕ ਮੰਡਲ ਵਿੱਚ ਇੱਕ ਇਸਤਰੀ ਪੁਰਸ਼ ਦੁਸਹਿਰੇ ਸਮੇਂ ਰਾਵਣ-ਮੇਘਨਾਦ ਸਮ ਉੱਚੇ ਉੱਚੇ ਸਭਨਾਂ ਤੇ ਪਾਏ ਹੋਏ ਸਨ ਜਿਹੜੇ ਲੋਭ ਲਾਲਚ ਦਾ ਰੂਪ ਧਾਰੀ ਨਰਕਾਂ ਦੇ ਕਾਰਨਾਂ ਦੀ ਵਿਥਿਆ ਕਹਿ ਰਹੇ ਸਨ। ਗਜ਼ ਗਜ਼ ਲੰਮੀਆਂ ਉਨ੍ਹਾਂ ਦੀਆਂ ਜ਼ਬਾਨਾਂ ਤੇ ਏਨੀ ਹੀ ਲੰਮੀ ਭੋਗ ਤ੍ਰਿਸ਼ਨਾ।

ਅੱਜ ਦੇ ਪਦਾਰਥਵਾਦੀ ਤੇ ਭੋਗਵਾਦੀ ਜੀਵਨ ਵਿੱਚ ਅਜਿਹੇ ਨਰਕ ਡਰ ਕਿੰਨਾ ਕੁ ਪ੍ਰਭਾਵ ਪਾਉਂਦੇ ਹਨ ਇਹ ਤਾਂ ਰੋਜ਼ਾਨਾ ਅਖਬਾਰਾਂ ਦੀਆਂ ਅਨੇਕਾਂ ਸੁਰਖੀਆਂ ਤੋਂ ਪਤਾ ਲੱਗ

ਜਾਂਦਾ ਹੈ। ਪਰ ਇੱਕ ਗੱਲ ਜ਼ਰੂਰ ਹੈ ਕਿ ਇਸ ਨਰਕ ਜੀਵਨ ਨੂੰ ਵੇਖਿਆਂ ਪਹਿਲੀ ਵਾਰ ਕਸੂਤਾ ਕਾਰਜ ਕਰਦਿਆਂ ਅੰਤਮ ਹੋਣੀ ਦੀ ਯਾਦ ਜ਼ਰੂਰ ਆ ਜਾਏਗੀ।

**ਆਪਣੇ ਸੁਅਰਗ ਵਿੱਚ –** ਮੰਦਰ ਯਾਤਰਾ ਲਈ ਚੱਲੇ ਸਾਂ ਤਾਂ ਜ਼ੋਰਦਾਰ ਬਰਸਾਤ ਲਹਿ ਪਈ ਸੀ ਪਰ ਹੁਣ ਨਰਕੋਂ ਪਰਤਣ ਲੱਗਿਆਂ ਏਨੀ ਸੇਕ ਭਰੀ ਧੁੱਪ ਸੀ ਕਿ ਉਹਲੇ ਲਈ ਛਾਵਾਂ ਭਾਲਦੇ ਫਿਰਦੇ ਸਾਂ ਅਤੇ ਫਿਰ ਵਾਪਸ ਜਾ ਕੇ ਸ੍ਰੀ ਸਤਿਗੁਰੂ ਜੀ ਨਾਲ ਸਮੁੰਦਰ ਸੇਵਨ ਲਈ ਜਾ ਉਤਰੇ। ਤਰਨਾ, ਡੁਬਣਾ, ਉਛਲਣਾ ਕੁੱਦਣਾ ਸਾਗਰ ਕ੍ਰੀੜਾ ਉਪਰੰਤ ਫਿਰ ਡੇਰੇ ਆਏ ਤਾਂ ਪਕੌੜੇ, ਪ੍ਰਸ਼ਾਦੇ, ਦਾਲਾਂ, ਸਬਜ਼ੀਆਂ, ਦੁੱਧ, ਚਾਹਟੇ, ਨਾਰੀਅਲ ਜਲ, ਚਾਵਲ ਘਨ੍ਹੇਊ ਆਦਿ ਪਦਾਰਥਾਂ ਨਾਲ ਡੰਝ ਲਾਹੀ। ਉਨ੍ਹਾਂ ਸੇਵਕਾਵਾਂ ਦਾ ਨਾਮ ਲਿਖਣਾ ਵੀ ਠੀਕ ਹੀ ਲੱਗਦਾ ਹੈ ਜਿਨ੍ਹਾਂ ਦੀ ਸੇਵਾ ਸਦਕਾ ਅਸਾਂ ਭਰਪੂਰ ਤ੍ਰਿਪਤੀਆਂ ਪਾਈਆਂ। ਜਦੋਂ ਅਸੀਂ ਸਤਿਗੁਰੂ ਜੀ ਦੇ ਸੰਗ ਵਿੱਚ ਸਮੁੰਦਰ ਸੁਖ ਮਾਣ ਰਹੇ ਸਾਂ, ਓਦੋਂ ਇਹ ਬੀਬੀਆਂ ਸਾਡੀ ਭੁੱਖ ਨਵਿਰਤੀ ਲਈ ਪਦਾਰਥ ਤਿਆਰ ਕਰ ਰਹੀਆਂ ਸਨ। ਇਹ ਸਨ : ਬੀਬੀ ਮਹਿੰਦਰ ਕੌਰ ਗਿਆਨਣ, ਬੀਬੀ ਜਸਬੀਰ ਕੌਰ, ਬੀਬੀ ਸਤਵੰਤ ਕੌਰ, ਬੀਬੀ ਸੁਰਜੀਤ ਕੌਰ, ਬੀਬੀ ਹਰਵੰਤ ਕੌਰ, ਬੀਬੀ ਕੁਸ਼ੱਲਿਆ ਅਤੇ ਬੀਬੀ ਸਵਰਨ ਕੌਰ।

**ਸੇਠ ਜੀ ਨਾਲ ਨਹੀਂ –** ਕਦੇ ਇੰਜ ਹੋਇਆ ਨਹੀਂ ਕਿ ਸੇਠ ਤਰਲੋਕ ਸਿੰਘ ਸਤਿਗੁਰੂ ਜੀ ਦੇ ਬੈਂਕੋਕ ਵਿੱਚ ਹੁੰਦਿਆਂ ਹਜ਼ੂਰੀ ਵਿੱਚ ਨਾ ਰਹਿਣ। ਐਤਕਾਂ ਇਸ ਬੰਗਲੇ ਵਿੱਚ ਸ੍ਰੀ ਸਤਿਗੁਰੂ ਜੀ ਅਤੇ ਸਾਧ ਸੰਗਤ ਦੀਆਂ ਲੋੜਾਂ ਲਈ ਸੇਠ ਜੀ ਦੇ ਲੜਕੇ ਧਰਮ ਸਿੰਘ ਅਤੇ ਸੋਹਣ ਸਿੰਘ ਜ਼ਿਮੇਵਾਰੀਆਂ ਸੰਭਾਲ ਰਹੇ ਹਨ। ਬੰਗਸੈਨ ਬੰਗਲੇ ਤੋਂ ਸ੍ਰੀ ਸਤਿਗੁਰੂ ਜੀ 2 ਕੁ ਵਜੇ ਸਿੱਖਾਂ-ਸੇਵਕਾਂ ਸਹਿਤ ਬੈਂਕੋਕ ਵਾਸਤੇ ਰਵਾਨਾ ਹੋਏ।

**ਕੋਮਲ ਨਿਵਾਸ ਤੇ –** ਜਿਉਂ ਸਾਡੀਆਂ ਗੱਡੀਆਂ ਮਾਰੋ ਮਾਰ ਕਰਦੀਆਂ ਚਲੀਆਂ 3 ਵਜੇ ਤੱਕ ਸੇਠ ਹਰਭਜਨ ਸਿੰਘ ਕੋਮਲ ਦੇ 20 ਸਾਲ ਤੋਂ ਚਲੇ ਆਉਂਦੇ ਘਰ ਵਿੱਚ ਸ੍ਰੀ ਸਤਿਗੁਰੂ ਜੀ ਅਤੇ ਨਾਲ ਦੇ ਜਥੇ ਨੇ ਉਤਾਰਾ ਆਣ ਕੀਤਾ। ਸੇਠ ਤਰਲੋਕ ਸਿੰਘ ਅਤੇ ਪੰ. ਗੋਪਾਲ ਸਿੰਘ, ਤਰਸੇਮ ਸਿੰਘ ਸਕੱਤਰ ਹੁਰੀਂ ਵੀ ਏਥੇ ਆ ਪਹੁੰਚੇ। ਕੋਮਲ ਜੀ ਨੇ ਦੀਨਾ ਨਾਥ ਤੇ ਨਾਲ ਦੇ ਜਥੇ ਨੂੰ ਫਲਾਂ ਦਾ ਲੰਗਰ ਛਕਾਣਾ ਸੀ।

20 ਕੁ ਸਰੀਰ ਇੱਕ ਖੁੱਲ੍ਹੇ ਕਮਰੇ ਵਿੱਚ ਆਲਿਆਂ ਵਿੱਚ ਪਏ ਅਨੇਕ ਰੰਗੇ, ਅਨੇਕ ਢੰਗੇ, ਸਾਫ ਸੁਥਰੇ ਕੱਟ ਕੱਟ ਰੱਖੇ ਫਲਾਂ ਦਾ ਰਸਾ-ਸੁਆਦਨ ਕਰਨ ਲੱਗੇ। ਪਦਾਰਥ ਦੀ ਤਾਂ ਏਥੇ ਕਮੀ ਨਹੀਂ ਸੀ, ਜਿੰਨਾ ਤੇ ਜੋ ਕੁਛ ਜੀ ਕਰੇ ਸੋਈ ਛਕੇ : ਸਾਰਾ ਪਰਵਾਰ ਸੇਵਾ ਰਤ ਸੀ। ਕੋਮਲ ਜੀ, ਪਤਨੀ ਅਤੇ ਨੌਜੁਆਨ ਬੱਚੇ।

**ਸੇਠ ਜੀ ਤੋਂ ਪੂਰਵ-ਗਾਥਾ –** ਸ੍ਰੀ ਸਤਿਗੁਰੂ ਜੀ, ਜੀਆਂ ਦੀ ਮਾਨਸਿਕਤਾ ਨੂੰ ਖ਼ੂਬ ਜਾਣਦੇ ਹਨ। ਸੇਠ ਜੀ ਨਾਲ ਜਿੰਨੀ ਇਕਸੁਰਤਾ ਸੀ ਹੋਰ ਕੀਹਦੇ ਨਾਲ ਸੀ। ਅੰਤਰਜਾਮੀ ਸਭ ਬਿਧਿ ਜਾਨੈ, ਦਾ ਵਾਕ ਤਾਂ ਆਪਣੀ ਥਾਂ ਪਰ ਮਨੋ ਵਿਗਿਆਨ ਵੀ ਤਾਂ ਸਤਿਗੁਰੂ ਜੀ ਦਾ ਹਥਿਆਰ ਹੈ। ਆਪ ਜੀ ਨੇ ਸੇਠ ਤਰਲੋਕ ਸਿੰਘ ਜੀ ਨੂੰ ਗੱਲੀਂ ਲਾ ਲਿਆ ਤੇ ਚੁਪ ਗੜੁਪ ਹੋਏ ਤਰਸੇਮ ਸਿੰਘ ਨੂੰ ਟੈਲੀਫੋਨ ਫੜਾ ਕੇ ਕੰਮ ਦੇ ਦਿੱਤਾ। ਇਸ ਘੜੀ ਸਾਰੇ ਹੀ ਮੂਡ ਵਿੱਚ ਸਨ। ਪਤਾ ਨਹੀਂ ਇਹ ਗਾਥਾ ਕੀਹਦੇ ਲਈ ਸੀ ਪਰ ਸਤਿਗੁਰੂ ਜੀ ਨੇ ਸੇਠ ਜੀ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਕਿਸੇ ਬਿਰਧ ਪਿਤਾ ਵਲੋਂ ਛੋਟੀ ਉਮਰ ਦੇ ਮੁੰਡੇ ਲਈ ਖਰੀਦੀ ਗਈ ਕਰੀਵਾਲੇ (ਸਰਸਾ) ਦੀ ਮੁਟਿਆਰ ਦੀ ਵਾਰਤਾ ਸੁਣਾਣ ਲਈ ਕਿਹਾ। ਸੇਠ ਜੀ ਨੇ ਤਾਂ ਬਹੁਤ ਵੇਰਵੇ ਨਾਲ ਇਹ ਘਟਨਾ ਦੱਸੀ ਸੀ। ਮੈਂ ਉਹਨਾਂ ਦੇ ਸ਼ਬਦਾਂ ਵਿੱਚ ਸੰਖੇਪ ਬਿਆਨਦਾ ਹਾਂ।

ਗੱਲ ਪਾਕਿਸਤਾਨ ਬਣਨ ਤੋਂ ਪਿਛੋਂ ਸੰਤ ਨਗਰ (ਸਰਸਾ) ਵਿੱਚ ਹੋਏ ਦੂਜੇ ਹੋਲੇ ਦੀ ਹੈ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਪਤਾ ਲੱਗਾ ਕਿ ਕਰੀਵਾਲੇ ਦੀ ਇੱਕ ਮੁਟਿਆਰ ਲੜਕੀ ਉਹਦੇ ਮਾਪੇ ਉਸ ਬੱਚੇ ਨਾਲ ਤੋਰਨ ਨੂੰ ਤਆਰ ਹਨ ਜੁ ਬੱਚਾ ਅਜੇ ਚੌਧਵੇਂ ਸਾਲ ਵਿੱਚ ਵੀ ਪਰਵੇਸ਼ ਨਹੀਂ ਕੀਤਾ। ਜੁਆਨ ਲੜਕੀ ਦੇ ਬਣਨ ਵਾਲੇ ਸਹੁਰੇ ਨੇ ਇਸ ਵਿਆਹ ਬਾਰੇ 1500/- ਵੀ ਖਰਚਿਆ ਸੀ। ਸ੍ਰੀ ਸਤਿਗੁਰੂ ਜੀ ਨੇ ਇਸ ਅਜੋੜਤਾ ਦੇ ਸੰਭਾਵਤ ਸਿੱਟਿਆਂ ਨੂੰ ਵੇਖ ਕੇ ਲੜਕੀ ਦੇ ਪਿਤਾ ਨੂੰ ਬੁਲਾ ਕੇ ਸਾਰੇ ਮਾਮਲੇ ਦੀ ਜਾਣਕਾਰੀ ਲਈ ਤੇ ਆਗਿਆ ਕੀਤੀ ਕਿ ਲੜਕੀ ਨੂੰ ਓਥੇ ਨਹੀਂ ਤੋਰਨਾ। ਉਸਦਾ ਵਿਆਹ ਮੁਨਾਸਬ ਵਿਅਕਤੀ ਨਾਲ ਕਰ ਦਿਆਂਗੇ। ਇਸ ਘਟਨਾ ਨੂੰ ਸੁਣਦਿਆਂ ਕੋਲੋਂ 'ਜਸ ਜੀਵਨ' ਦਾ ਕਰਤਾ ਸੰਤ ਤਰਨ ਸਿੰਘ ਵਹਿਮੀ ਬੋਲ ਪਿਆ। ਸੱਚੇ ਪਾਤਸ਼ਾਹ, ਇੱਕ ਵਾਰ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਸਤਿਗੁਰੂ ਜੀ ਵਹਿਮੀ ਜੀ ਦੇ ਭਾਵ ਨੂੰ ਤਾੜ ਕੇ ਤੁਰਤ ਕੜਕ ਕੇ ਬੋਲੇ : ਗੱਲ ਗੁਰੂ ਹਰੀ ਸਿੰਘ ਜੀ ਨਾਲ ਹੋ ਰਹੀ ਹੈ ਕਿ ਮੇਰੇ ਨਾਲ। ਵਹਿਮੀ ਜੀ ਨੂੰ ਮਸਲੇ ਦੀ ਸਾਰਥਕਤਾ ਸਮਝ ਆ ਗਈ। ਲੜਕੀ ਵਾਲੇ ਸਿੰਘ ਨੇ ਅਰਜ਼ ਕੀਤੀ ਕਿ ਮੈਂ ਗਰੀਬ ਆਦਮੀ ਹਾਂ, ਪੈਸੇ ਉਸ ਸਿੰਘ ਦੇ ਖਰਚ ਬੈਠਾ ਹਾਂ। ਉਹਨੂੰ ਜਵਾਬ ਤਾਂ ਪੈਸਿਆਂ ਨਾਲ ਹੀ ਦੇ ਸਕਦਾ ਹਾਂ। ਸੱਚੇ ਪਾਤਸ਼ਾਹ ਜੀ ਨੇ ਭਾਈ ਵਜ਼ੀਰ ਸਿੰਘ (ਆਪਣੇ ਸੇਵਕ ਤੇ ਖ਼ਜ਼ਾਨਚੀ) ਨੂੰ ਕਹਿ ਕੇ 1500/- ਦਿਵਾ ਦਿੱਤੇ ਅਤੇ ਕੁਛ ਦਿਨਾਂ ਪਿੱਛੋਂ ਲੜਕੀ ਦੀ ਸ਼ਾਦੀ ਵੀ ਯੋਗ ਨੌਜੁਆਨ ਨਾਲ ਕਰ ਦਿੱਤੀ।

ਇਸ ਵਾਰਤਾਲਾਪ ਦੌਰਾਨ ਅਸਾਂ ਸਭ ਨੇ ਫਲਾਹਾਰ ਵੀ ਕਰ ਲਿਆ।

**ਚਲਦਾ........**

# 10 fantastic words

1. **I---Most selfish one letter word--------avoid it**

2. **We ---Most satisfying two letter word ----use it**

3. **Ego ---The most poisonous three letter word –Overcome it**

4. **Love ---The most used four letter word –value it**

5. **Smile --- The most pleasing five letter word – keep it**

6. **Rumors ---The fastest spreading five letter word – Ignore it**

7. **Success--- The hardest working seven letter word – Achieve it**

8. **Jealousy – The most enviable eight letter word – Distance it**

9. **Knowledge – The most powerful nine letter word –acquire it**

10. **Friendship – The most valued ten letter word – Maintain it**

......................................................

# A Saga Of Sri Satguru Jagjit Singh Ji

- Dr. Sharada Jayagovind

Patsha ji sent Kirpal Singh fondly called "Palli', a UK-based Namdhari student, to Ustad Bismillah Khan, the legendary *shehnai* player to learn *taar shehnai.* Kirpal came down to India and travelled to Benares with great expectations. As he walked the narrow alleys of Benares with slaughterhouses and sweet shops on both sides, he wondered why Patsha ji wanted him to undergo this ordeal.

Kirpal recalls that he was deeply disappointed when the Ustad expressed his inability to take him as disciple and asked him to come the following year. Kirpal returned home and came back the following year but the second time too, the Ustad turned him away with some excuse. The third time, Kirpal was determined that he would not move from Benares unless the Ustad accepted him as his disciple.

On his third visit when Kirpal reached Benares, the Ustad was about to take a train to Delhi. Kirpal ran to the railway station, bought a ticket and travelled in the same coach as the Ustad. This journey established the bond between the Guru and the *shishya.*

Here is a glimpse into one of the learning sessions that would take place on the terrace of Ustad Bismillah Khan's house in Benares. The great musician would be seated on the *charpoy* and would ask Kirpal to play the *taar shehnai.* Hours would go by and the Ustad would drift off to sleep. When Kirpal stopped playing, the Ustad would wake up and order him to continue.

Kirpal said:

"The sun would beat down on me and I would continue playing hoping for the rare word of appreciation from the Ustad."

Patsha ji knew that more than the actual teaching of the notes, one learns by being in the presence of such great masters, who impart the culture of music. The Ustad illustrated by example how to sit on the stage, how to tune the self and the instrument to perfection.

In 1987, when Satguru Partap Singh Academy was started in Sri Bhaini Sahib, the music classes attracted more studernts. In this school, Bibi Narinder Kaur ji and Ustad Mohan Singh ji started teaching music. When the number of students increased, Patsha ji appointed a person named Mastana Hardev Singh to supervise and monitor the learning of music. Mastana Hardev Singh was a strict taskmaster. Children were mortally scared of him as he used to beat them if they did not practise music.

Harjinder Singh, a sarod player, recalled how, one day, he and his friends, instead of practising music, were playing in a corner. He said:

“Someone suddenly shouted, Mastana ji is coming, run, run. The older children managed to escape. My friend and I tried to scale the wall but could not. Mastana ji pulled us down and gave us a sound thrashing.”

Harjinder Singh, now a music teacher at Sri Bhaini Sahib, says that such discipline was needed at that stage. It also speaks volumes about Patsha ji's parental care and love.

Patsha ji encouraged women to learn music. He said:

“If women learn music, when they become mothers they can teach their children.”

Patsha ji's daughter, Biba ji, took lessons in classical music from Bibi Narinder Kaur.

Children came from as far as England and Thailand to Sri Bhaini Sahib to learn classical music and *Gurmat Sangeet.*

**Patsha ji as patron of music**

After three decades on the throne, Patsha ji was happy to see that the Namdhari *Sangat* all over the world was on the path of spiritual and material progress. From 1992 onwards Patsha ji started giving increasingly more of his time to music. It is not an exaggeration to say that he lived music, loved music and was music himself. He started the Namdhari Kala Kendra in 1993 in Sri Bhaini Sahib to train children in vocal and instrumental music.

**to be continued...........................**

## SAWAN KIRPAL RUHANI MISSION
### SCIENCE OF SPIRITUALITY
Kirpal Ashram, Sant Kirpal Singh Marg, Vijay Nagar, Delhi-110009
Tel: +91-11-27117100, Email:gsskrm@sos.org, Website: www.sos.org


Dated: 6-Nov-2020

**HEARTIEST FELICITATIONS**

I would like to offer heartiest congratulations and felicitations on the sacred occasion of the first PARKASH SHATABDI (100th Birth Anniversary) of Revered Sri Satguru Jagjit Singh Ji Maharaj being celebrated from 25th to 29th November 2020 at Sri Bhaini Sahib, Ludhiana. I regret not being able to physically participate in the celebrations as I am out of the country at present, but my prayers and best wishes are with Revered Sri Satguru Uday Singh Ji Maharaj and the entire sangat on this joyous occasion.

Sri Satguru Jagjit Singh Ji was an enlightened soul, who brought countless to the spiritual path and uplifted their lives by instilling God's love and devotion into it. His loving and humble nature, as well as selfless service rendered to all humanity set forth an example for all to inculcate godly virtues in our lives and serve our fellow beings with equal love and selflessness. He continues to live on in the hearts of his devotees today through his legacy of love, service, and spirituality, and will forever be remembered as one of the greatest spiritual stalwarts of our time.

Sawan Kirpal Ruhani Mission has time-honoured and mutually respectful relations with the Namdhari Panth. Param Sant Kirpal Singh Ji Maharaj and Dayal Purush Sant Darshan Singh Ji Maharaj shared a very close bond with Sri Satguru Jagjit Singh Ji. They participated in various spiritual conferences together and met each other on several other occasions.

Sri Satguru Jagjit Singh Ji had visited Manav Kendra, Dehradun, in 1972 during the time of Param Sant Kirpal Singh Ji Maharaj. When Param Sant Kirpal Singh Ji Maharaj left his physical body, he came to Sawan Ashram, Delhi for attending the Bhog program in his Sweet Remembrance. It was an honor for me to have hosted him during the 7th World Religion Conference convened in Delhi in 1994, which was also the Birth Centenary Celebration Year of Param Sant Kirpal Singh Ji Maharaj. Sri Satguru Jagjit Singh Ji also attended Global Conference on Mysticism (GCM) and International Human Unity Conference (IHUC) in 1996 and 1999. His active participation and inspiring messages for the cause of universal love and world peace is dearly missed by all of us.

The bond between both the organizations continues to grow even today, with Sri Satguru Uday Singh Ji carrying the mantle of Sri Satguru Jagjit Singh Ji most ably. He has been instrumental in bringing the teachings of the Namdhari Panth to all corners of the world. It has been our privilege and honor to host him at Kirpal Bagh in Delhi, where he has given his invaluable message at the conference based on human unity and mysticism. Till date, whenever any conference is organised by our Mission in Delhi and Sri Satguru Uday Singh Ji is not able to physically attend it due to prior commitments, he ensures that senior representatives of Namdhari Panth come with his inspirational message, which speaks about the mutual love and respect between both the Missions.

Once again, I offer my best wishes to Revered Sri Satguru Uday Singh Ji and the entire sangat for the first PARKASH SHATABDI of Revered Sri Satguru Jagjit Singh Ji. I pray that his teachings continue to show seekers the path of spiritual awakening and enlightenment, and that all move steadily towards achieving the goal of self-and God-realization.

With regards

Rajinder Singh

Rajinder Singh

**A tribute from Maharaj Rajinder singh ji, on the occasion of 1st birth centenary of His Holiness Sri Satguru Jagjit Singh Ji.**

# ਖਬਰਨਾਮਾ

## ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ.......

**7 ਦਸੰਬਰ 2020 ਸ੍ਰੀ ਭੈਣੀ ਸਾਹਿਬ**

ਅਨੇਕ ਤਰ੍ਹਾਂ ਦੇ ਜੀਵ ਜੰਤੂ, ਪਸ਼ੂ ਪੰਛੀ ਆਦਿ ਚੁਰਾਸੀ ਲੱਖ ਜੂਨਾਂ ਵਿਚੋਂ ਮਨੁੱਖਾ ਜਨਮ ਨੂੰ ਸਭ ਤੋਂ ਉੱਤਮ ਮੰਨਿਆ ਗਿਆ ਹੈ ਕਿਉਂਕਿ ਮਨੁੱਖ ਨੂੰ ਗਿਆਨ ਹੈ, ਉਸ ਪਾਸ ਚੰਗੇ ਬੁਰੇ ਬਾਰੇ ਦਾ ਨਿਰਣਾ ਕਰਨ ਵਾਸਤੇ ਸੋਚਣ ਸ਼ਕਤੀ ਹੈ, ਵਿਵੇਕ ਬੁੱਧੀ ਹੈ। ਪਰ ਜਨਮ ਤਦ ਹੀ ਸਫਲ ਹੈ ਜੇ ਮਨੁੱਖ, ਸਤਿ ਸਰੂਪ ਸਤਿਗੁਰੂ ਦੀ ਚਰਨ ਸਰਨ ਗ੍ਰਹਿਣ ਕਰਕੇ ਅੰਮ੍ਰਿਤ ਨਾਮ ਦੀ ਦਾਤ ਪ੍ਰਾਪਤ ਕਰਦਾ ਹੈ। ਭਾਈ ਗੁਰਦਾਸ ਜੀ ਦਾ ਕਥਨ ਹੈ- "ਸਫਲ ਜਨੰਮੁ ਗੁਰ ਚਰਨ ਸਰਨਿ ਲਿਵ ਸਫਲ ਦ੍ਰਿਸਟ ਗੁਰ ਦਰਸ ਅਲੋਈਐ।" - ਪੂਰੇ ਸਤਿਗੁਰੂ ਦੀ ਚਰਨ ਸਰਨ ਵਿੱਚ ਸੇਵਾ-ਸਿਮਰਨ ਤੇ ਸਮਰਪਣ ਭਾਵਨਾ ਵਾਲੇ ਗੁਰਮੁਖਾਂ ਦਾ ਲੋਕ ਸੁਖੀਆ ਅਤੇ ਪਰਲੋਕ ਸੁਹੇਲਾ ਹੁੰਦਾ ਹੈ। ਅਜਿਹੇ ਵਡਭਾਗੇ ਗੁਰਸਿੱਖਾਂ ਬਾਰੇ ਹੀ ਭਾਈ ਗੁਰਦਾਸ ਜੀ ਦਾ ਕਥਨ ਹੈ-

ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ॥
ਸਚੀ ਦਰਗਹ ਜਾਇ ਸਚਾ ਪਿੜ ਮਲਿਆ॥

ਅਜਿਹੇ ਹੀ ਗੁਰੂ ਪਿਆਰੇ ਕੁਝ ਗੁਰਸਿੱਖ ਜਿਨ੍ਹਾਂ ਨੂੰ ਗੁਰਸਿੱਖੀ ਦੀ ਦਾਤ ਵਿਰਸੇ ਵਿਚ ਹੀ ਮਿਲੀ। ਜੀਵਨ ਭਰ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਦੀਦਾਰੇ ਕਰਦਿਆਂ, ਸੇਵਾ ਸਿਮਰਨ ਵਿੱਚ ਜੀਵਨ ਬੀਤਿਆ ਅਤੇ ਆਪਣੀ ਜੀਵਨ ਯਾਤਰਾ ਸਫਲ ਕਰ ਗੁਰੂ ਚਰਨਾਂ ਵਿਚ ਜਾ ਬਿਰਾਜੇ। 7 ਦਸੰਬਰ 2020 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿਚ ਇਨ੍ਹਾਂ ਵਡਭਾਗੇ ਗੁਰਸਿੱਖਾਂ ਨਮਿੱਤ ਗੁਰਬਾਣੀ ਦੇ ਪਾਠਾਂ ਦੇ ਭੋਗ ਅਤੇ ਅੰਤਿਮ ਅਰਦਾਸ ਹੋਈ।

ਦੁਪਹਿਰ ਦੇ ਨਾਮ ਸਿਮਰਨ ਦੌਰਾਨ ਹੀ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਛੇ ਪਾਠਾਂ ਦੇ ਭੋਗ ਸ. ਅਮਰਜੀਤ ਸਿੰਘ, ਗੁਰਦੇਵ ਸਿੰਘ, ਸਤੀਸ਼ ਕੁਮਾਰ ਜੀ, ਮਾਤਾ ਕਰਮਜੀਤ ਕੌਰ ਅਤੇ ਗਿਆਨੀ ਜਸਵੰਤ ਸਿੰਘ ਜੀ ਨਮਿਤ ਪਾਏ ਗਏ। ਉਪਰੰਤ ਸੇਵਕ ਹਰਪਾਲ ਸਿੰਘ ਨੇ ਉਪਰੋਕਤ ਗੁਰਸਿੱਖਾਂ ਬਾਰੇ ਸੰਗਤ ਨਾਲ ਕੁਝ ਵਿਚਾਰ ਸਾਂਝੇ ਕੀਤੇ। ਆਪ ਨੇ ਦੱਸਿਆ ਕਿ ਅੱਜ ਜਿਨ੍ਹਾਂ ਗੁਰਮੁਖਾਂ ਨਮਿੱਤ ਪਾਠਾਂ ਦੇ ਭੋਗ ਪਏ ਇਨ੍ਹਾਂ ਵਿੱਚ- ਸ. ਅਮਰਜੀਤ ਸਿੰਘ ਜੀ ਪਿੰਡ ਦਕੋਹਾ (ਨੇੜੇ ਜਲੰਧਰ) ਤੋਂ ਟਕਸਾਲੀ ਨਾਮਧਾਰੀ ਪਰਿਵਾਰ ਵਿੱਚੋਂ ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੌਰੇ ਸਮੇਂ ਇਨ੍ਹਾਂ ਦੇ ਘਰ ਡੇਰੇ ਦੀ ਕਿਰਪਾ ਕਰਿਆ ਕਰਦੇ ਸਨ। ਉਸ ਸਮੇਂ ਘਰ ਵਿੱਚ ਗ਼ਰੀਬੀ ਸੀ, ਪਰ ਵੱਡ ਪ੍ਰਤਾਪੀ ਪਾਤਸ਼ਾਹ ਦੇ ਵਰਦਾਨ ਨਾਲ ਅੱਜ ਭਾਗ ਲੱਗੇ ਹੋਏ ਹਨ। ਇਹ ਪਰਿਵਾਰ ਸਤਿਗੁਰੂ ਜਗਜੀਤ ਸਿੰਘ ਜੀ ਸੱਚੇ ਪਾਤਸ਼ਾਹ ਜੀ ਦੀਆਂ ਅਪਾਰ ਬਖਸ਼ਿਸ਼ਾਂ ਦਾ ਪਾਤਰ ਰਿਹਾ। ਅਮਰਜੀਤ ਸਿੰਘ ਦੀ ਬੇਟੀ ਅਨੂਪ੍ਰੀਤ ਸਾਲ ਕੁ ਪਹਿਲਾਂ ਕੈਂਸਰ ਦੀ ਨਾਮੁਰਾਦ ਬਿਮਾਰੀ ਨਾਲ ਚਲ ਵਸੀ। ਚੜ੍ਹਾਈ ਕਰਨ ਤੋਂ ਕੁਝ ਸਮਾਂ ਪਹਿਲਾਂ ਉਸ ਬੱਚੀ ਨੇ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਗ਼ਰੀਬ ਨਿਵਾਜ਼ ਜੀ ਮੈਨੂੰ ਪਤਾ ਹੀ ਹੈ, ਇਸ ਬਿਮਾਰੀ ਦਾ ਅੰਤ ਕੀ ਹੈ? ਜੋ ਰਜ਼ਾ ਹੈ, ਮੈਨੂੰ ਪ੍ਰਵਾਨ ਹੈ ਪਰ ਆਪ ਜੀ ਮੇਰੇ ਸਸਕਾਰ ਤੇ ਜ਼ਰੂਰ ਦਰਸ਼ਨ ਦੇਣ ਦੀ ਕਿਰਪਾ ਕਰਿਓ। ਇਸ ਲਈ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਉਚੇਚੇ ਤੌਰ ਤੇ ਉਸ ਬੱਚੀ ਅਨੂਪ੍ਰੀਤ ਕੌਰ ਦੇ ਸਸਕਾਰ ਸਮੇਂ ਅਤੇ ਭੋਗ ਤੇ ਵੀ ਦਰਸ਼ਨ ਦਿੱਤੇ। ਅਮਰਜੀਤ ਸਿੰਘ ਜੀ ਦੇ ਪਿਤਾ ਸੰਤ ਬਲਰਾਮ ਸਿੰਘ ਜੀ, ਮਾਤਾ ਬਲਵੀਰ ਕੌਰ ਸੁਪਤਨੀ ਦਵਿੰਦਰ ਕੌਰ ਅਤੇ ਸਪੁੱਤਰ ਜਸਕਰਨ ਸਿੰਘ ਹੈ। ਇਹ ਸੋਧੀਆਂ ਦਾ ਪਰਿਵਾਰ ਕਰਕੇ ਜਾਣਿਆ ਜਾਂਦਾ ਹੈ।

ਦੂਸਰੇ ਸੱਜਣ ਹਨ ਸੰਤ ਗੁਰਦੇਵ ਸਿੰਘ ਜੀ ਪਿੰਡ ਰੁੜਕੇ ਤੋਂ, ਜੋ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਨਿੰਨ ਸਿੱਖ ਸਨ। ਸ੍ਰੀ ਸਤੀਸ਼ ਕੁਮਾਰ ਜੀ ਅਤੇ ਮਾਤਾ ਕਰਮਜੀਤ ਕੌਰ ਸਪੁਤਨੀ ਸ. ਕੇਸਰ ਸਿੰਘ ਜੀ ਸੋਖੀ ਵੀ ਗੁਰੂ ਕਿਰਪਾ ਦੇ ਪਾਤਰ ਸਨ। ਬੀਬੀ ਕਰਮਜੀਤ ਕੌਰ ਸਤਿਗੁਰੂ ਸੱਚੇ ਪਾਤਸ਼ਾਹ ਦੀ ਵਿਸ਼ੇਸ਼ ਬਖਸ਼ਿਸ਼ ਦੇ ਪਾਤਰ ਸ. ਰਾਜਾ ਸਿੰਘ ਟੈਂਟ ਵਾਲਿਆਂ ਦੀ ਸਪੁੱਤਰੀ ਸੀ। ਇਕ ਹੋਰ ਗੁਰੂ ਪਿਆਰੀ ਮਹਾਨ ਸ਼ਖ਼ਸੀਅਤ ਗਿਆਨੀ ਜਸਵੰਤ ਸਿੰਘ ਜੀ- ਜਿਨ੍ਹਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਇਤਿਹਾਸਕ ਕਾਰਜ ਕੀਤੇ। ਨੱਬੇ ਵਰ੍ਹਿਆਂ ਦੀ ਆਰਜਾ ਪੂਰੀ ਕਰ ਕੇ ਗਿਆਨੀ ਜੀ, ਤਿੰਨ ਪਾਤਸ਼ਾਹੀਆਂ- ਸਤਿਗੁਰੂ

ਪਰਤਾਪ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸਤਿਗੁਰੂ ਉਦੇ ਸਿੰਘ ਜੀ ਦੀ ਚਰਨ ਸਰਨ ਵਿੱਚ ਜੀਵਨ ਸਫ਼ਲ ਕਰਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ (ਗਿਆਨੀ ਜੀ ਦੇ ਜੀਵਨ ਅਤੇ ਕਾਰਜਾਂ ਬਾਰੇ ਵੱਖਰਾ ਲੇਖ ਇਸੇ ਪਰਚੇ ਵਿੱਚ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ)।

ਉਪਰੰਤ ਗਿਆਨੀ ਜੀ ਦੀ ਪੋਤਰੀ ਬੀਬੀ ਨਰਿੰਦਰ ਕੌਰ ਨੈਣੀ ਨੇ ਬਹੁਤ ਸੁਰੀਲੀ ਆਵਾਜ਼ ਵਿੱਚ ਸ਼ਬਦ ਗਾਇਨ ਕੀਤਾ:

ਸਾਜਨੜਾ ਮੇਰਾ ਸਾਜਨੜਾ ਨਿਕਟਿ ਖਲੋਇਅੜਾ ਮੇਰਾ ਸਾਜਨੜਾ॥

ਬੀਬੀ ਨੈਣੀਂ ਤੋਂ ਬਾਅਦ ਹਜ਼ੂਰੀ ਰਾਗੀ ਸੰਤ ਬਲਵੰਤ ਸਿੰਘ ਜੀ ਨੇ ਜੱਥੇ ਸਹਿਤ 'ਪਿਰੁ ਦੇਖਣ ਕਿ ਆਸ॥ ਇਲਾਹੀ ਰੰਗ ਵਿੱਚ ਗਾਇਨ ਕੀਤਾ। ਗਿਆਨੀ ਜੀ ਦੇ ਪਰਿਵਾਰ ਨੂੰ ਸ੍ਰੀ ਸਤਿਗੁਰੂ ਜੀ ਨੇ ਖੁਸ਼ੀਆਂ ਬਖ਼ਸ਼ੀਆਂ।

**ਰਿਪੋਰਟ– ਹਰਪਾਲ ਸਿੰਘ ਸੇਵਕ**

.....................................................

## ਨਾਮਧਾਰੀ ਧਰਮਸ਼ਾਲਾ (ਪ੍ਰਤਾਪ ਨਗਰ) ਲੁਧਿਆਣਾ ਵਿਖੇ ਸਤਿਗੁਰੂ ਉਦੇ ਸਿੰਘ ਜੀ ਦੇ ਦਰਸ਼ਨ

ਨਾਮਧਾਰੀ ਸੰਗਤ ਲੁਧਿਆਣਾ ਵੱਲੋਂ ਦਸ਼ਮੇਸ਼ ਪਿਤਾ ਸਾਹਿਬ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਤੇ ਮਾਤਾ ਗੁਜ਼ਰੀ ਜੀ ਦੀ ਮਹਾਨ ਸ਼ਹਾਦਤ ਨੂੰ ਅਕੀਦਤ ਭੇਟ ਕਰਦਿਆਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਨਾਮਧਾਰੀ ਧਰਮਸ਼ਾਲਾ ਗਲ਼ੀ ਨੰਬਰ ਛੇ ਪ੍ਰਤਾਪ ਨਗਰ ਲੁਧਿਆਣਾ ਵਿਖੇ ਦੋ ਦਿਨ 26 ਤੇ 27 ਦਿਸੰਬਰ ਦਾ ਸ਼ਹੀਦੀ ਸਮਾਗਮ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ।ਭਾਵੇਂ ਮੁੱਖ ਸਮਾਗਮ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਇਹਨਾਂ ਦੋਵਾਂ ਦਿਨਾਂ ਦਾ ਸ੍ਰੀ ਭੈਣੀ ਸਾਹਿਬ ਵਿਖੇ ਮਨਾਇਆ ਜਾ ਰਿਹਾ ਸੀ। ਸ਼ਨੀਵਾਰ ਦੀ ਪਹਿਲੀ ਰਾਤ ਨੂੰ ਕਵੀਸ਼ਰ ਗੁਰਸੇਵਕ ਸਿੰਘ ਅਤੇ ਜਥੇਦਾਰ ਕਮਾਲ ਸਿੰਘ ਜੀ ਨੇ ਕਵੀਸ਼ਰੀ ਤੇ ਹੱਲੇ ਦੇ ਦੀਵਾਨਾਂ ਦੁਆਰਾ ਸਾਕਾ ਚਮਕੌਰ ਦਾ ਵਰਨਣ ਕਰ ਬੀਰ ਰਸੀ ਸ਼ੈਲੀ ਵਿੱਚ ਉਸ ਦ੍ਰਿਸ਼ ਨੂੰ ਰੂਪਮਾਨ ਕਰ ਦਿੱਤਾ ਤੇ ਵੱਡੇ ਸਾਹਿਬਜ਼ਾਦਿਆਂ ਦੀ ਮਹਾਨ ਸ਼ਹਾਦਤ ਨੂੰ ਯਾਦ ਕਰਵਾਇਆ।ਦੂਸਰੇ ਦਿਨ ਐਤਵਾਰ ਦੀ ਰਾਤ ਨੂੰ ਸ਼ਾਮੀ ਪ੍ਰੋਗਰਾਮ ਦੀ ਸ਼ੁਰੂਆਤ ਗੁਰਸੇਵਕ ਸਿੰਘ ਲੁਧਿਆਣਾ ਤੇ ਉਹਨਾਂ ਦੇ ਜਥੇ ਨੇ ਸ਼ਬਦ ਪੜ੍ਹਕੇ ਕੀਤੀ। ਇਕ ਗੀਤ ਦਸਮ ਪਿਤਾ ਦੀ ਯਾਦ ਵਿੱਚ ਪੜਿਆ ਗਿਆ। ਕਾਕਾ ਬਲਦੇਵ ਸਿੰਘ ਨੇ ਕਵਿਤਾ ਪੜੀ ਤੇ ਉਪਰੰਤ ਜਥੇਦਾਰ ਕਮਾਲ ਸਿੰਘ ਨੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਜੀ ਦੀ ਸ਼ਹਾਦਤ ਦਾ ਵਰਨਣ ਕੀਤਾ। ਜਥੇਦਾਰ ਕਮਾਲ ਸਿੰਘ ਜੀ ਦੇ ਦੀਵਾਨ ਦੌਰਾਨ ਸਾਧ ਸੰਗਤ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੇ ਬਹਾਦਰੀ ਦੇ ਕਿੱਸੇ ਸੁਣ ਵੈਰਾਗੀ ਵੀ ਹੋਈ ਤੇ ਬੀਰ ਰਸ ਵੀ ਝਲਕ ਰਿਹਾ ਸੀ। ਬਾਰਿਸ਼ ਚਾਹੇ ਆਪਣੇ ਜੋਰ ਤੇ ਸੀ ਪਰ ਸੰਗਤ ਦਾ ਸਾਹਿਬਜ਼ਾਦਿਆਂ ਪ੍ਰਤੀ ਪਿਆਰ ਅਤੇ ਸ਼ਰਧਾ ਹੀ ਸੀ ਕਿ ਕੋਈ ਆਪਣੀ ਜਗਾ ਤੋਂ ਨਾ ਉੱਠਿਆ। ਸ੍ਰੀ ਭੈਣੀ ਸਾਹਿਬ ਤੋਂ ਸੇਵਾ ਵਾਸਤੇ ਆਏ ਨੌਜਵਾਨਾਂ ਦਾ ਟੀਮ ਕੰਮ ਸਲਾਹੁਣਯੋਗ ਸੀ ਕਿ ਉਹ ਬੈਠੀ ਸੰਗਤ ਨੂੰ ਬਾਰਿਸ਼ ਦੇ ਪਾਣੀ ਤੋਂ ਬਚਾਉਣ ਵਾਸਤੇ ਚਾਰੇ ਪਾਸੇ ਪੰਡਾਲ ਵਿੱਚ ਵਗਦੇ ਟੈਂਟ ਹੇਠ ਤਰਪਾਲ਼ਾਂ ਲੈ ਖੜੋਤੇ ਸਨ। ਅਖੀਰ ਸੂਬਾ ਹਰਭਜਨ ਸਿੰਘ ਜੀ ਨੇ ਆਈ ਸੰਗਤ ਦਾ ਧੰਨਵਾਦ ਕੀਤਾ। ਗੁਰੂ ਕਾ ਲੰਗਰ ਅਤੁੱਟ ਵਰਤਿਆ।

**ਸਤਿਗੁਰੂ ਜੀ ਦੇ ਦਰਸ਼ਨ:** 28 ਦਿਸੰਬਰ 2020 ਸ਼ਾਮ ਕਰੀਬ 6 ਵਜੇ ਨਾਮਧਾਰੀ ਧਰਮਸ਼ਾਲਾ ਵਿੱਚ ਹੀ ਨਿਤਨੇਮ ਦੌਰਾਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਦਰਸ਼ਨ ਦੇਣ ਦੀ ਕਿਰਪਾਲਤਾ ਕੀਤੀ। ਸਾਧ ਸੰਗਤ ਨੇ ਜੈਕਾਰੇ ਲਾ ਪਾਤਿਸ਼ਾਹ ਜੀ ਦਾ ਸਵਾਗਤ ਕੀਤਾ। ਨਿਤਨੇਮ ਦੀ ਅਰਦਾਸ ਤੋਂ ਉਪਰੰਤ ਸੁਖਵਿੰਦਰ ਸਿੰਘ ਨੇ ਸ੍ਰੀ ਸਤਿਗੁਰੂ ਜੀ ਨੂੰ ਦਰਸ਼ਨ ਦੇਣ ਦੀ ਕਿਰਪਾ ਕਰਨ ਤੇ ਨਾਮਧਾਰੀ ਸੰਗਤ ਲੁਧਿਆਣਾ ਵੱਲੋਂ ਧੰਨਵਾਦ ਕਰਦਿਆਂ ਅਰਜ਼ ਕੀਤੀ ਕਿ ਅਗਰ ਹਜ਼ੂਰ ਦੀ ਰਜ਼ਾ ਹੋਵੇ ਤਾਂ ਪਵਿੱਤਰ ਮੁਖਾਰਬਿੰਦ ਤੋਂ ਉਪਦੇਸ਼ ਬਖਸ਼ਿਸ਼ ਕਰ ਸਾਨੂੰ ਕਿਰਤਾਰਥ ਕਰਨ। ਸ੍ਰੀ ਸਤਿਗੁਰੂ ਜੀ ਨੇ ਬਚਨ ਕਰਦਿਆਂ ਸਾਧ ਸੰਗਤ ਨੂੰ ਹੁਕਮ ਕੀਤਾ ਕਿ ਇਸ ਧਰਮਸ਼ਾਲਾ ਵਿੱਚ ਤੜਕੇ ਹੋ ਕੇ ਬੈਠਕੇ ਰੋਜ਼ਾਨਾਂ ਨਾਮ ਜਪਿਆ ਜਾਵੇ, ਇਸ ਇਲਕੇ ਦੀ ਸੰਗਤ ਉੱਦਮ ਕਰੇ। ਅਗਾਂਹ ਜਾਕੇ ਅੰਮ੍ਰਿਤ ਵੇਲੇ ਦਾ ਨਿਤਨੇਮ ਆਰੰਭ ਕਰੋ। ਸਣੇ ਕੇਸੀ ਇਸ਼ਨਾਨ ਤੇ ਅਮ੍ਰਿਤ ਵੇਲੇ ਦਾ ਉੱਠਣਾ ਘਟਦਾ ਜਾਂਦਾ ਹੈ ਇਸ ਤੇ ਸਾਧ ਸੰਗਤ ਗੌਰ ਕਰੇ । ਨਾਮਧਾਰੀ ਧਰਮਸ਼ਾਲਾ ਵਿੱਚ ਸਤਿਗੁਰੂ ਜੀ ਵੱਲੋਂ ਇਕ ਡਿਸਪੈਂਸਰੀ ਖੋਲਣ ਵਾਸਤੇ ਵੀ ਹੁਕਮ ਹੋਇਆ। ਜਥੇਦਾਰ ਮਨਜੀਤ ਸਿੰਘ ਹੋਰਾਂ ਨੂੰ ਇਸ ਇਲਾਕੇ ਦੀ ਸੰਗਤ ਨਾਲ ਮਿਲਕੇ ਰੋਜ਼ਾਨਾ ਨਿਤਨੇਮ ਨੂੰ ਯਕੀਨੀ ਬਨਾਉਣ ਦਾ ਹੁਕਮ ਕਰ ਸਤਿਗੁਰੂ ਜੀ ਵਾਪਿਸ ਸ੍ਰੀ ਭੈਣੀ ਸਾਹਿਬ ਨੂੰ ਪ੍ਰਸਥਾਨ ਕੀਤਾ।

**ਸੁਖਵਿੰਦਰ ਸਿੰਘ ਲਾਇਲ**

# ਚਮਕੌਰ ਸਾਹਿਬ ਅਤੇ ਫਤਹਿਗੜ੍ਹ ਸਾਹਿਬ ਦਾ ਸ਼ਹੀਦੀ ਮੇਲਾ

**26-27 ਦਿਸੰਬਰ 2020 ਸ੍ਰੀ ਭੈਣੀ ਸਾਹਿਬ:**

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਨਾਮਧਾਰੀ ਸੰਗਤ ਵੱਲੋਂ ਚਮਕੌਰ ਦੀ ਗੜ੍ਹੀ ਦੇ ਸਾਕੇ ਦੇ ਸ਼ਹੀਦ ਸਿੰਘਾਂ, ਦਸਮ ਪਾਤਸ਼ਾਹ ਦੇ ਵੱਡੇ ਸਾਹਿਬਜ਼ਾਦਿਆਂ ਅਤੇ ਫਤਹਿਗੜ੍ਹ ਸਾਹਿਬ ਸ਼ਹੀਦ ਹੋਏ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਦੀ ਯਾਦ ਵਿੱਚ ਜੋੜ ਮੇਲਾ ਸ੍ਰੀ ਭੈਣੀ ਸਾਹਿਬ ਵਿਖੇ ਬੜੇ ਉਤਸ਼ਾਹ ਤੇ ਸ਼ਰਧਾ ਨਾਲ ਮਨਾਇਆ ਗਿਆ।

26 ਦਿਸੰਬਰ: ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਆਸਾ ਦੀ ਵਾਰ ਦਾ ਕੀਰਤਨ ਰਾਗੀ ਹਰਵਿੰਦਰ ਸਿੰਘ ਨੇ ਆਪਣੇ ਸਾਥੀਆਂ ਗੰਗਾ ਸਿੰਘ, ਗੁਰਭਗਤ ਸਿੰਘ ਨਾਲ ਕੀਤਾ, ਤਬਲੇ ਤੇ ਸੰਗਤ ਹਰਨਾਮ ਸਿੰਘ ਨੇ ਕੀਤੀ। ਦਿਨੇ ਚਮਕੌਰ ਸਾਹਿਬ ਦੇ ਸ਼ਹੀਦੀ ਸਾਕੇ ਅਤੇ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਵਿਦਵਾਨ ਸੱਜਣਾਂ ਨੇ ਕਵੀਸ਼ਰੀ ਪ੍ਰਸੰਗ ਅਤੇ ਹੱਲੇ ਦੇ ਦੀਵਾਨਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਕਵੀਸ਼ਰ ਦਿਲਬਾਰ ਸਿੰਘ ਵਲਟੋਹਾ ਨੇ ਸਾਥੀਆਂ ਸਹਿਤ ਸਾਕਾ ਚਮਕੌਰ ਸਾਹਿਬ ਦਾ ਸ਼ਹੀਦੀ ਪ੍ਰਸੰਗ ਸੁਣਾਇਆ। ਕਵੀਸ਼ਰ ਗੁਰਸੇਵਕ ਸਿੰਘ ਨੇ ਆਪਣੇ ਸਾਥੀਆਂ: ਮੱਲ ਸਿੰਘ ਅਤੇ ਗੁਰਮੀਤ ਸਿੰਘ ਸਹਿਤ ਛੋਟੇ ਸਾਹਿਬਜ਼ਾਦਿਆਂ ਦਾ ਕਵੀਸ਼ਰੀ ਪ੍ਰਸੰਗ ਸਾਕਾ ਸਰਹੰਦ ਬੀਰ-ਰਸੀ ਅੰਦਾਜ ਵਿੱਚ ਪੇਸ਼ ਕੀਤਾ। ਉਪਰੰਤ ਜਥੇਦਾਰ ਕਮਾਲ ਸਿੰਘ ਜੀ ਨੇ ਹੱਲੇ ਦੇ ਦੀਵਾਨ ਰਾਹੀਂ ਸਾਹਿਬ ਦਸਮ ਪਾਤਸ਼ਾਹ ਦਾ ਅਨੰਦਪੁਰ ਤੋਂ ਚਮਕੌਰ ਸਾਹਿਬ ਤੱਕ ਦਾ ਇਤਿਹਾਸ ਵਿਸਥਾਰ ਸਹਿਤ ਪੇਸ਼ ਕੀਤਾ। ਸ਼ਾਨਾ ਮੱਤੇ ਸ਼ਹੀਦੀ ਇਤਿਹਾਸ ਦੀ ਹੱਲੇ ਦੇ ਬੀਰ ਰਸੀ ਅੰਦਾਜ਼ ਵਿੱਚ ਜਥੇਦਾਰ ਕਮਾਲ ਸਿੰਘ ਜੀ ਦੀ ਸੁਰੀਲੀ ਪੇਸ਼ਕਾਰੀ ਨੇ ਕਮਾਲ ਦਾ ਰੰਗ ਬਣਾ ਦਿੱਤਾ। ਉਪਰੰਤ ਇੱਕ ਘੰਟਾ ਨਾਮ-ਸਿਮਰਨ ਅਤੇ ਪਿਛਲੇ ਪਹਿਰ ਦਾ ਕੀਰਤਨ ਹੋਇਆ- ਹਜ਼ੂਰੀ ਰਾਗੀ ਸੰਤ ਬਲਵੰਤ ਸਿੰਘ ਜੀ, ਬਸੰਤ ਸਿੰਘ, ਈਸ਼ਰ ਸਿੰਘ, ਸਰਮੁਖ ਸਿੰਘ, ਸ਼ਾਮ ਸਿੰਘ ਅਤੇ ਹਰਪ੍ਰੀਤ ਸਿੰਘ ਜੀ ਨੇ ਤੰਤੀ ਸਾਜਾਂ ਨਾਲ ਇਲਾਹੀ ਬਾਣੀ ਦਾ ਕੀਤਨ ਕੀਤਾ।

27 ਦਿਸੰਬਰ: ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀ ਸੰਤ ਹਰਬੰਸ ਸਿੰਘ ਜੀ ਨੇ ਸਾਥੀ (ਈਸ਼ਰ ਸਿੰਘ, ਰਤਨ ਸਿੰਘ, ਸੰਤਾ ਸਿੰਘ ਅਤੇ ਅਜੇਪਾਲ ਸਿੰਘ) ਜਥੇ ਸਹਿਤ ਪ੍ਰਤਾਪ ਮੰਦਰ ਵਿੱਚ ਕੀਤਾ। ਸੱਤ ਵਜੇ ਆਸਾ ਦੀ ਵਾਰ ਦੀ ਸਮਾਪਤੀ ਉਪਰੰਤ ਸ.ਸੁਵਰਨ ਸਿੰਘ ਵਿਰਕ ਨੇ ਤੱਥ ਭਰਪੂਰ ਅਤੇ ਵਿਸਥਾਰ ਸਹਿਤ-ਨਿੱਕੀਆਂ ਜਿੰਦਾਂ ਦੇ ਵੱਡੇ ਸਾਕੇ ਬਾਰੇ ਵਖਿਆਨ ਕੀਤਾ। ਆਪ ਨੇ ਦੱਸਿਆ ਕਿ ਇਸ ਤੋਂ ਪਹਿਲੋਂ ਚਮਕੌਰ ਸਾਹਿਬ ਵਿਖੇ ਅਨੇਕਾਂ ਸਿੰਘ ਅਤੇ ਦੋਵੇਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਸ਼ਹੀਦ ਹੋ ਚੁੱਕੇ ਸਨ। ਇਹ ਸ਼ਹਾਦਤ ਦੇ ਸੰਕਲਪ ਦੀ ਪ੍ਰੇਰਣਾ ਆਦਿ ਗੁਰੂ, ਸਤਿਗੁਰੂ ਨਾਨਕ ਦੇਵ ਜੀ ਦੇ ਉਪਦੇਸ਼ ਹਨ-

ਜਉ ਤਉ ਪ੍ਰੇਮ ਖੇਲਨ ਕਾ ਚਾਉ
ਸਿਰ ਧਰ ਤਲੀ ਗਲੀ ਮੇਰੀ ਆਉ॥

ਇਨ੍ਹਾਂ ਗੁਰਵਾਕਾਂ ਅਤੇ ਪੰਚਮ ਪਾਤਸ਼ਾਹ ਅਤੇ ਨੌਵੇਂ ਪਾਤਸ਼ਾਹ ਦੀਆਂ ਸ਼ਹੀਦੀਆਂ 18 ਵੀਂ ਸਦੀ ਦੇ ਸਿੱਖ ਸੰਘਰਸ਼ ਲਈ ਪ੍ਰੇਰਣਾ ਸ੍ਰੋਤ ਬਣੀਆਂ। ਪਰ ਦਸਮ ਪਾਤਸ਼ਾਹ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਜੀ ਦੀ ਕੇਵਲ ਪੌਣੇ ਨੌਂ ਅਤੇ ਪੌਣੇ ਸੱਤ ਸਾਲ ਦੀ ਉਮਰ ਵਿੱਚ ਬੇਮਿਸਾਲ ਸ਼ਹੀਦੀ ਨੇ ਜ਼ੁਲਮ ਦੇ ਵਿਰੁੱਧ ਸੰਘਰਸ਼ ਨੂੰ ਹੋਰ ਪ੍ਰਚੰਡ ਕਰ ਦਿੱਤਾ। ਦਿਨ ਦੇ ਦੀਵਾਨਾਂ ਵਿੱਚ ਸੂਬਾ ਨਿਰੰਜਨ ਸਿੰਘ ਜੀ ਨੇ ਪ੍ਰੇਮ, ਵੈਰਾਗ ਅਤੇ ਬੀਰ ਰਸ ਭਰਪੂਰ ਹੱਲੇ ਦਾ ਦੀਵਾਨ ਲਗਾਇਆ। ਉਪਰੰਤ ਜਥੇਦਾਰ ਜੋਗਾ ਸਿੰਘ ਭੰਗੂਰ ਨੇ ਕਵੀਸ਼ਰੀ ਪ੍ਰਸੰਗ ਪੇਸ਼ ਕੀਤਾ। ਜਥੇਦਾਰ ਜਸਪਾਲ ਸਿੰਘ ਸੰਤ ਨਗਰ ਨੇ ਹੱਲੇ ਦਾ ਦੀਵਾਨ ਅਤੇ ਗੁਰਲਾਲ ਸਿੰਘ, ਗੁਰਭਗਤ ਸਿੰਘ ਅਤੇ ਰਣਜੀਤ ਸਿੰਘ ਨੇ ਛੋਟੇ ਸਾਹਿਬਜ਼ਾਦਿਆਂ ਦਾ ਕਵੀਸ਼ਰੀ ਪ੍ਰਸੰਗ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਨਾਮ ਸਿਮਰਨ ਤੋਂ ਪਹਿਲਾਂ ਸੰਤ ਗੁਰੂਬਚਨ ਸਿੰਘ ਜੀ ਨੇ ਬੜੇ ਭਾਵੁਕ ਅੰਦਾਜ਼ ਵਿੱਚ ਤੱਥ ਭਰਪੂਰ ਇਤਿਹਾਸ ਦੀ ਪੇਸ਼ਕਾਰੀ ਕੀਤੀ। ਉਪਰੰਤ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਇੱਕ ਘੰਟਾ ਨਾਮ ਸਿਮਰਨ ਹੋਇਆ। ਸੰਤ ਹਰਬੰਸ ਸਿੰਘ ਜੀ ਨੇ ਸਾਥੀ ਜਥੇ ਸਹਿਤ ਮਨੋਹਰ ਕੀਰਤਨ ਕੀਤਾ। ਅੱਜ ਦੇ ਮੇਲੇ ਦੀ ਸੇਵਾ ਇਲਾਕਾ ਫਤਹਿਗੜ੍ਹ ਦੀ ਸੰਗਤ ਅਤੇ ਗਿਆਨੀ ਜੋਗਿੰਦਰ ਸਿੰਘ ਜੀ ਵੱਲੋਂ ਕੀਤੀ ਗਈ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਛਤਰ ਛਾਇਆ ਹੇਠ ਭਰਪੂਰ ਸੰਗਤ ਦੀ ਹਾਜ਼ਰੀ ਵਿੱਚ ਦੋ ਦਿਨਾਂ ਮੇਲਾ ਪ੍ਰੇਮ, ਸ਼ਰਧਾ ਅਤੇ ਉਤਸ਼ਾਹ ਨਾਲ ਸੰਪੰਨ ਹੋਇਆ।

**-ਹਰਪਾਲ ਸਿੰਘ ਸੇਵਕ**

ੴ

## ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸ੍ਰੀ ਮਾਨ ਗਿਆਨੀ ਜੀ

ਸਤ ਸ੍ਰੀ ਅਕਾਲ

ਅਜ ਹੀ ਚਿੱਠੀ ਤੁਹਾਡੀ ਮਿਲ ਗਈ ਹੈ।
ਆਸ ਹੈ ਤੁਸੀਂ ਸਤਿਗੁਰੂ ਜੀ ਦੀ ਕਿਰਪਾ ਸਹਿਤ ਹੋਵੋਗੇ।

ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਇਹ ਦੇਸ਼ UK W. ਜਰਮਨੀ ਦਾ ਕੁਛ ਹਿਸਾ ਡੈਨ ਮਾਰਕ ਦਾ ਕੈਪੀਟਲ ਕੋਪਨਹੈਗਨ ਦੇਖੇ ਹਨ। ਏਧਰ ਡਾਲਡਾ ਕਿਤੇ ਨਹੀਂ ਦੁਧ ਤੇ ਘਿਉ ਬਹੁਤ ਤੇ ਸ਼ੁਧ ਹੈ. ਖਾਸ ਕਰ ਡੈਨਮਾਰਕ ਦਾ ਦੁੱਧ ਤੇ ਮਖਣ ਅਤੀ ਉਤਮ ਹੈ।

ਜੇ ਏਥੇ ਬੁਚੜਖਾਨੇ ਸਿਗਰਟਾਂ ਤੇ ਔਰਤਾਂ ਵਾਲਾ ਕੰਮ ਨਾ ਹੋਵੇ ਬਹੁਤ ਹੀ ਚੰਗਾ ਪਾਸਾ ਹੈ


ਅਜੇ ੧੮ ਜਾ ੧੯ ਸਤੰਬਰ ਨੂੰ ਵਾਪਸ ਤੁਰਨ ਦਾ ਵਿਚਾਰ ਹੈ ਤੇ ਆਸ ਹੈ ਕਿ ੨੨-੨੩ ਨੇੜੇ ਦਿਲੀ ਪੁਜਾਂਗੇ। ਤਾਰ ਜਾਂ ਚਿਠੀ ਰਾਹੀਂ ਪਤਾ ਦਿਤਾ ਜਾਇਗਾ।

ਸੰਤ ਗੰਡਾ ਸਿੰਘ ਜੀ ਤੇ ਹੋਰ ਸਭ ਨੂੰ ਸਤ ਸ੍ਰੀ ਅਕਾਲ

(ਦਸਤਖਤ)

੨੧ ਭਾਦੋਂ ੨੦੨੪
੬ ਸਤੰਬ੍ਰ ੬੭

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਸਤ-ਲਿਖਤ ਕਿਰਪਾ ਪੱਤਰ ਦਾ ਟਾਈਪਡ ਮੈਟਰ
(ਗਿਆਨੀ ਜਸਵੰਤ ਸਿੰਘ ਜੀ ਦੇ ਨਾਮ)



**ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੱਲੋਂ**

**ਗਿਆਨੀ ਜਸਵੰਤ ਸਿੰਘ ਜੀ ਦੇ ਨਾਮ-ਵਿਖੇ ਹੁਕਮਨਾਮਿਆਂ ਵਿੱਚੋਂ**

**(ਇੱਕ ਹਸਤ-ਲਿਖਤ ਕਿਰਪਾ ਪੱਤਰ)**

Date of Publication: 11-01-2021,
Date of Posting: 12-13 Jan. 2021

RNI NO. 55658/93




17 ਜਨਵਰੀ 1872 ਈ. ਸ਼ਹੀਦੀ ਸਾਕਾ ਮਲੇਰਕੋਟਲਾ ਮਿਸਟਰ ਐਲ. ਕਾਵਨ (ਡੀ.ਸੀ. ਲੁਧਿਆਣਾ)
ਦੀ ਦਾੜ੍ਹੀ ਨੂੰ ਜਾ ਝਪਟਣ ਕਰਕੇ ਤਲਵਾਰ ਨਾਲ ਟੁਕੜੇ ਕਰਕੇ ਸ਼ਹੀਦ ਕੀਤਾ ਗਿਆ–
12 ਸਾਲ ਦਾ ਬਾਲਕ ਸ਼ਹੀਦ ਬਿਸ਼ਨ ਸਿੰਘ

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.